16-FEB-PAGE-1.qxd 2/15/2024 9:43 PM Page 1

ਸ਼ੁੱਕਰਵਾਰ, 16 ਫਰਵਰੀ, 2024
4 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 257

# ਨਵਾਂ ਜ਼ਮਾਨਾ

DAILY NAWAN ZAMANA • FRIDAY, 16 FEBRUARY, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਇਲੈਕਟੋਰਲ ਬਾਂਡ ਸਕੀਮ ਦਾ ਪੈ ਗਿਆ ਭੋਗ

## ਇਹ ਸੂਚਨਾ ਦੇ ਅਧਿਕਾਰ ਦੀ ਉਲੰਘਣਾ, ਸਟੇਟ ਬੈਂਕ ਆਫ ਇੰਡੀਆ 6 ਮਾਰਚ ਤੱਕ ਬਾਂਡਾਂ ਦਾ ਹਿਸਾਬ ਦੇਵੇ ਤੇ ਚੋਣ ਕਮਿਸ਼ਨ 13 ਮਾਰਚ ਤੱਕ ਵੈੱਬਸਾਈਟ 'ਤੇ ਚਾੜ੍ਹੇ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਇਲੈਕਟੋਰਲ ਬਾਂਡ ਸਕੀਮ ਨੂੰ ਸੂਚਨਾ ਦੇ ਅਧਿਕਾਰ ਅਤੇ ਸੰਵਿਧਾਨ ਵੱਲੋਂ ਗਾਰੰਟੀਸ਼ੁਦਾ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਕਰਾਰ ਦਿੰਦਿਆਂ ਰੱਦ ਕਰ ਦਿੱਤਾ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਸਕੀਮ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਦੋ ਵੱਖਰੇ, ਪਰ ਸਰਬਸੰਮਤ ਫੈਸਲੇ ਦਿੱਤੇ। ਚੀਫ ਜਸਟਿਸ ਨੇ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ 19(1) (ਏ) ਤਹਿਤ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਹੈ। ਬੈਂਚ ਨੇ ਕਿਹਾ ਕਿ ਨਾਗਰਿਕਾਂ ਦੀ ਨਿੱਜਤਾ ਦੇ ਮੌਲਿਕ ਅਧਿਕਾਰ 'ਚ ਸਿਆਸੀ ਨਿੱਜਤਾ ਦਾ ਅਧਿਕਾਰ ਵੀ ਸ਼ਾਮਲ ਹੈ। ਬੈਂਚ 'ਚ ਚੀਫ ਜਸਟਿਸ ਤੋਂ ਇਲਾਵਾ ਜਸਟਿਸ ਸੰਜੀਵ ਖੰਨਾ, ਜਸਟਿਸ ਬੀ ਆਰ ਗਵਈ, ਜਸਟਿਸ ਜੇ ਬੀ ਪਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਸ਼ਾਮਲ ਸਨ।

ਸੁਪਰੀਮ ਕੋਰਟ ਨੇ ਹੁਕਮ ਦਿੱਤਾ ਕਿ ਸਟੇਟ ਬੈਂਕ ਆਫ ਇੰਡੀਆ (ਐੱਸ ਬੀ ਆਈ) ਚੋਣ ਕਮਿਸ਼ਨ ਨੂੰ 2019 ਤੋਂ ਲੈ ਕੇ ਹੁਣ ਤੱਕ ਜਾਰੀ ਕੀਤੇ ਗਏ ਬਾਂਡਾਂ ਦੀ ਜਾਣਕਾਰੀ 6 ਮਾਰਚ ਤੱਕ ਦੇਵੇਗੀ ਅਤੇ ਇਲੈਕਸ਼ਨ ਕਮਿਸ਼ਨ ਪੂਰੀ ਜਾਣਕਾਰੀ ਨੂੰ ਆਪਣੀ ਵੈਬਸਾਈਟ 'ਤੇ ਉਪਲੱਬਧ ਕਰਾਏਗਾ। ਸੁਪਰੀਮ ਕੋਰਟ 'ਚ ਕੁੱਲ ਚਾਰ ਪਟੀਸ਼ਨਾਂ ਦਾਖ਼ਲ ਕੀਤੀਆਂ ਗਈਆਂ, ਜਿਨ੍ਹਾਂ 'ਚ ਕਾਂਗਰਸ ਨੇਤਾ ਜੈਯਾ ਠਾਕੁਰ, ਮਾਰਕਸਵਾਦੀ ਕਮਿਊਨਿਸਟ ਪਾਰਟੀ ਅਤੇ ਐੱਨ ਜੀ ਓ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਨੇ ਬਾਂਡ ਸਕੀਮ 'ਤੇ ਸਵਾਲ ਖੜ੍ਹੇ ਕੀਤੇ। ਪਟੀਸ਼ਨਕਰਤਾਵਾਂ ਨੇ ਦਾਅਵਾ ਕੀਤਾ ਕਿ ਬਾਂਡ ਨੇ ਸਿਆਸੀ ਪਾਰਟੀਆਂ ਦੀ ਫੰਡਿੰਗ ਨੂੰ ਬਹੁਤ ਪ੍ਰਭਾਵਤ



ਕੀਤਾ ਹੈ। ਨਾਲ ਹੀ ਲੋਕਾਂ ਦੇ ਸੂਚਨਾ ਦੇ ਅਧਿਕਾਰ ਦਾ ਉਲੰਘਣ ਕੀਤਾ ਹੈ। ਕੋਰਟ ਨੇ ਪਿਛਲੇ ਸਾਲ 31 ਅਕਤੂਬਰ ਨੂੰ ਮਾਮਲੇ 'ਤੇ ਸੁਣਵਾਈ ਸ਼ੁਰੂ ਕੀਤੀ ਸੀ।

ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਐੱਸ ਬੀ ਆਈ ਨੇ ਅਪ੍ਰੈਲ 2019 ਤੋਂ ਬਾਅਦ ਖਰੀਦੇ ਗਏ ਬਾਂਡਾਂ ਦਾ ਹਿਸਾਬ 6 ਮਾਰਚ ਤੱਕ ਚੋਣ ਕਮਿਸ਼ਨ ਨੂੰ ਦੇਣਾ ਹੈ। ਉਹ ਕੁੱਲ 16518 ਕਰੋੜ ਦੇ ਬਾਂਡਾਂ ਵਿੱਚੋਂ 14978 ਕਰੋੜ ਦਾ ਹਿਸਾਬ ਦੇਵੇਗੀ। ਇਲੈਕਟੋਰਲ ਬਾਂਡ ਦੀ ਵਿਕਰੀ ਪਹਿਲੀ ਵਾਰ ਮਾਰਚ 2018 'ਚ ਸ਼ੁਰੂ ਹੋਈ ਸੀ। ਮਾਰਚ 2019 ਤੱਕ ਅੱਠ ਵਾਰ ਇਸ ਦੀ ਵਿਕਰੀ ਹੋ ਚੁੱਕੀ ਸੀ। ਇਸ ਦੌਰਾਨ ਕੁੱਲ 1540 ਕਰੋੜ ਰੁਪਏ ਤੋਂ ਵੀ ਜ਼ਿਆਦਾ ਦੇ ਬਾਂਡ ਵਿਕੇ ਸਨ। ਅਪ੍ਰੈਲ 2019 ਤੋਂ ਹੁਣ ਤੱਕ 22 ਗੇੜਾਂ 'ਚ ਬਾਂਡ ਵੇਚੇ ਗਏ। ਕੁੱਲ 30 ਗੇੜਾਂ 'ਚ 16518 ਕਰੋੜ ਰੁਪਏ ਦੇ ਇਲੈਕਟੋਰਲ ਬਾਂਡ ਵਿਕੇ ਹਨ। ਅਪ੍ਰੈਲ 2019 ਤੋਂ 14978 ਕਰੋੜ ਰੁਪਏ ਤੋਂ ਵੀ ਵੱਧ ਦੇ ਬਾਂਡ ਵਿਕੇ ਹਨ, ਜਿਸ ਦਾ ਹਿਸਾਬ ਭਾਰਤੀ ਸਟੇਟ ਬੈਂਕ (ਐੱਸ ਬੀ ਆਈ) ਨੂੰ ਦੇਣਾ ਹੈ। ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਐੱਸ ਬੀ ਆਈ ਤੋਂ ਮਿਲੀ ਇਸ ਜਾਣਕਾਰੀ ਨੂੰ ਚੋਣ ਕਮਿਸ਼ਨ 31 ਮਾਰਚ ਤੱਕ ਆਪਣੀ ਵੈਬਸਾਈਟ 'ਤੇ ਅੱਪਲੋਡ ਕਰੇਗਾ।

ਇਸ ਯੋਜਨਾ ਦੀ ਸਭ ਤੋਂ ਵੱਡੀ ਲਾਭਪਾਤਰੀ ਭਾਜਪਾ ਹੈ। ਸਾਲ 2022-23 'ਚ ਉਸ ਨੂੰ ਇਲੈਕਟੋਰਲ ਬਾਂਡ ਜ਼ਰੀਏ 1300 ਕਰੋੜ ਰੁਪਏ ਦਾ ਦਾਨ ਮਿਲਿਆ ਸੀ। ਉਥੇ ਇਸ ਸਮੇਂ 'ਚ ਕਾਂਗਰਸ ਨੂੰ 171 ਕਰੋੜ ਰੁਪਏ ਦਾ ਦਾਨ ਮਿਲਿਆ ਸੀ। ਮਤਲਬ ਭਾਜਪਾ ਨੂੰ ਇਲੈਕਟੋਰਲ ਬਾਂਡਾਂ ਨਾਲ ਕਾਂਗਰਸ ਦੀ ਤੁਲਨਾ 'ਚ ਕਰੀਬ ਸੱਤ ਗੁਣਾ ਵੱਧ ਚੰਦਾ ਮਿਲਿਆ ਸੀ।

ਸਾਲ 2017-18 ਅਤੇ 2018-19 'ਚ ਰਾਜਨੀਤਕ ਦਲਾਂ ਨੂੰ ਬਾਂਡਾਂ ਤੋਂ ਕੁੱਲ 2,760.20 ਕਰੋੜ ਰੁਪਏ ਮਿਲੇ, ਜਿਸ 'ਚੋਂ 1,660.89 ਕਰੋੜ ਰੁਪਏ ਮਤਲਬ 60.17 ਫੀਸਦੀ ਇਕੱਲੇ ਭਾਜਪਾ ਨੂੰ ਮਿਲੇ।

ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਨਾਲ ਨੋਟਾਂ ਖਿਲਾਫ ਵੋਟ ਸ਼ਕਤੀ ਮਜ਼ਬੂਤ ਹੋਵੇਗੀ। ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਫੈਸਲਾ ਲੋਕਤੰਤਰ ਲਈ ਉਮੀਦ ਦੀ ਵੱਡੀ ਕਿਰਨ ਹੈ।

ਇਹ ਸਕੀਮ ਭਾਜਪਾ ਨੂੰ ਮਜ਼ਬੂਤ ਕਰਨ ਲਈ ਲਿਆਂਦੀ ਗਈ ਸੀ। ਹਰ ਕੋਈ ਜਾਣਦਾ ਹੈ ਕਿ ਭਾਜਪਾ ਸੱਤਾ ਵਿੱਚ ਹੈ ਅਤੇ ਬਾਂਡ ਰਾਹੀਂ ਚੰਦਾ ਭਾਜਪਾ ਨੂੰ ਹੀ ਆਵੇਗਾ। ਦਿਲਚਸਪ ਗੱਲ ਇਹ ਹੈ ਕਿ ਇਸ ਦਾ ਚੋਣਾਂ ਨਾਲ ਕੋਈ ਸੰਬੰਧ ਨਹੀਂ। ਇਹ ਭਾਜਪਾ ਅਤੇ ਕਾਰਪੋਰੇਟ ਸੈਕਟਰ ਦਾ ਗੱਠਜੋੜ ਸੀ।

## ਇਲੈਕਟੋਰਲ ਬਾਂਡ ਸਕੀਮ ਦਾ ਇਤਿਹਾਸ

ਕੇਂਦਰ ਸਰਕਾਰ ਨੇ 2017 'ਚ ਇਲੈਕਟੋਰਲ ਬਾਂਡ ਸਕੀਮ ਨੂੰ ਮਨੀ ਬਿੱਲ ਜ਼ਰੀਏ ਸੰਸਦ 'ਚ ਪੇਸ਼ ਕੀਤਾ ਸੀ ਕਿਉਂਕਿ ਉਦੋਂ ਉਸ ਕੋਲ ਰਾਜ ਸਭਾ ਵਿਚ ਬਹੁਮਤ ਨਹੀਂ ਸੀ। ਰਾਜ ਸਭਾ ਮਨੀ ਬਿੱਲ ਨੂੰ ਰੱਦ ਨਹੀਂ ਕਰ ਸਕਦੀ, ਸਿਰਫ ਆਪਣੀ ਰਾਇ ਦੇ ਸਕਦੀ ਹੈ। ਸੰਸਦ ਤੋਂ ਪਾਸ ਹੋਣ ਦੇ ਬਾਅਦ 29 ਜਨਵਰੀ 2018 ਨੂੰ ਸਕੀਮ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਦੇਸ਼ ਦਾ ਕੋਈ ਵੀ ਨਾਗਰਿਕ ਜਾਂ ਕੰਪਨੀ ਕਿਸੇ ਵੀ ਪਾਰਟੀ ਨੂੰ ਚੰਦਾ ਦੇਣ ਲਈ ਐੱਸ ਬੀ ਆਈ ਤੋਂ ਬਾਂਡ ਖਰੀਦ ਸਕਦੇ ਸਨ। ਉਹ ਬਾਂਡ ਖਰੀਦ ਕੇ ਕਿਸੇ ਵੀ ਪਾਰਟੀ ਨੂੰ ਦੇ ਸਕਦੇ ਸੀ। ਸੁਪਰੀਮ ਕੋਰਟ 'ਚ ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ ਨਾਂਅ ਦੀ ਐੱਨ ਜੀ ਓ ਨੇ ਇਲੈਕਟੋਰਲ ਬਾਂਡ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਸੀ ਕਿ ਇਸ ਦਾ ਇਸਤੇਮਾਲ ਵੱਡੇ ਪੱਧਰ 'ਤੇ ਕਾਰਪੋਰੇਟਾਂ ਵੱਲੋਂ ਕੀਤਾ ਗਿਆ। ਉਨ੍ਹਾਂ ਆਪਣੇ ਫਾਇਦਿਆਂ ਲਈ ਪਾਰਟੀਆਂ ਨੂੰ



ਬਾਂਡ ਦਿੱਤੇ। ਇਹ ਬਾਂਡ 1000 ਰੁਪਏ, 10 ਹਜ਼ਾਰ ਰੁਪਏ, 1 ਲੱਖ ਅਤੇ 1 ਕਰੋੜ ਰੁਪਏ ਤੱਕ ਦੇ ਹੁੰਦੇ ਸਨ। ਹਾਲਾਂਕਿ ਇਨ੍ਹਾਂ ਨੂੰ ਪ੍ਰਾਪਤ ਕੇਵਲ ਉਹ ਪਾਰਟੀਆਂ ਹੀ ਕਰ ਸਕਦੀਆਂ ਸਨ, ਜਿਹੜੀਆਂ ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 92 ਏ ਦੇ ਤਹਿਤ ਰਜਿਸਟਰਡ ਹਨ ਅਤੇ ਜਿਨ੍ਹਾਂ ਨੇ ਪਿਛਲੀਆਂ ਲੋਕਸਭਾ ਜਾਂ ਸੂਬਾ ਚੋਣਾਂ 'ਚ ਇੱਕ ਫੀਸਦੀ ਤੋਂ ਵੱਧ ਵੋਟਾਂ ਲਈਆਂ ਹੁੰਦੀਆਂ ਸਨ। ਬਾਂਡ ਭਾਰਤੀ ਸਟੇਟ ਬੈਂਕ ਦੀਆਂ ਚੋਣਵੀਆਂ ਬਰਾਂਚਾਂ 'ਚੋਂ ਹੀ ਮਿਲਦੇ ਸਨ। ਇਨ੍ਹਾਂ ਬਾਂਡਾਂ ਨੂੰ ਸਟੇਟ ਬੈਂਕ ਆਫ਼ ਇੰਡੀਆ ਦੀਆਂ 29 ਬਰਾਂਚਾਂ ਤੋਂ ਖਰੀਦਿਆ ਜਾ ਸਕਦਾ ਸੀ। ਇਹ ਬਰਾਂਚਾਂ ਨਵੀਂ ਦਿੱਲੀ, ਗਾਂਧੀਨਗਰ, ਚੰਡੀਗੜ੍ਹ, ਬੇਂਗਲੂਰੂ, ਹੈਦਰਾਬਾਦ, ਭੁਵਨੇਸ਼ਵਰ, ਭੋਪਾਲ, ਮੁੰਬਈ, ਜੈਪੁਰ, ਲਖਨਊ, ਚੇਨਈ, ਕੋਲਕਾਤਾ ਅਤੇ ਗੁਹਾਟੀ ਸਮੇਤ ਕਈ ਸ਼ਹਿਰਾਂ 'ਚ ਹਨ।

## ਪ੍ਰਧਾਨ ਮੰਤਰੀ ਝੂਠੇ ਸੁਪਨਿਆਂ ਦਾ ਬਾਈਸਕੋਪ ਦਿਖਾ ਰਹੇ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲਾ ਕਰਦੇ ਹੋਏ ਵੀਰਵਾਰ 'ਐਕਸ' 'ਤੇ ਲਿਖਿਆ ਕਿ ਪ੍ਰਧਾਨ ਮੰਤਰੀ ਝੂਠ ਬੋਲਦੇ ਹਨ ਅਤੇ ਦੇਸ਼ਵਾਸੀਆਂ ਨੂੰ ਝੂਠੇ ਸੁਪਨੇ ਦਿਖਾ ਕੇ ਵੋਟਾਂ ਲਈ ਠੱਗੀ ਦਾ ਵਪਾਰ ਕਰ ਰਹੇ ਹਨ। ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅੱਜ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਨ ਲਈ ਗਰੰਟੀ ਦੀਆਂ ਗੱਲਾਂ ਕਰਦੇ ਹਨ, ਪਰ ਸੱਚ ਇਹ ਹੈ ਕਿ ਉਨ੍ਹਾ ਨੇ ਪਹਿਲਾਂ ਜਿੰਨੀਆਂ ਗਰੰਟੀਆਂ ਦੀ ਗੱਲ ਕੀਤੀ ਸੀ, ਉਹ ਸਾਰੀਆਂ ਝੂਠੀਆਂ ਸਾਬਤ ਹੋਈਆਂ ਅਤੇ ਉਨ੍ਹਾਂ 'ਚੋਂ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਹੈ। ਉਨ੍ਹਾ ਕਿਹਾ-ਮੋਦੀ ਜੀ ਨਵੀਆਂ ਗਰੰਟੀਆਂ ਤੋਂ ਪਹਿਲਾਂ ਪੁਰਾਣੀਆਂ ਗਰੰਟੀਆਂ ਦਾ ਹਿਸਾਬ ਦੇਣ। ਦਸ ਸਾਲਾਂ ਤੋਂ ਝੂਠੇ ਸੁਪਨਿਆਂ ਦਾ ਬਾਈਸਕੋਪ ਲੈ ਕੇ ਘੁੰਮ ਰਹੇ ਪ੍ਰਧਾਨ ਮੰਤਰੀ ਦੇਸ਼ 'ਚ ਠੱਗੀ ਦਾ ਵਪਾਰ ਕਰ ਰਹੇ ਹਨ। ਭਾਜਪਾ ਸਰਕਾਰ ਮਤਲਬ ਝੂਠ ਅਤੇ ਅਨਿਆਏ ਦੀ ਗਰੰਟੀ, ਦੇਸ਼ ਦੇ ਸੁਪਨਿਆਂ ਨਾਲ ਨਿਆਏ ਕਰੇਗੀ ਕਾਂਗਰਸ। ਰਾਹੁਲ ਨੇ ਕਿਹਾ-ਭਾਜਪਾ ਨੇ ਇਲੈਕਟੋਰਲ ਬਾਂਡ ਨੂੰ ਰਿਸ਼ਵਤ ਅਤੇ ਕਮਿਸ਼ਨ ਦਾ ਜ਼ਰੀਆ ਬਣਾ ਦਿੱਤਾ ਸੀ। ਸੁਪਰੀਮ ਕੋਰਟ ਦੇ ਫੈਸਲੇ ਨਾਲ ਇਸ 'ਤੇ ਮੋਹਰ ਲੱਗ ਗਈ ਹੈ।

### ਅਜੀਤ ਧੜੇ ਦੇ ਹੱਕ 'ਚ ਫੈਸਲਾ

**ਮੁੰਬਈ** : ਮਹਾਰਾਸ਼ਟਰ ਅਸੰਬਲੀ ਦੇ ਸਪੀਕਰ ਰਾਹੁਲ ਨਾਰਵੇਕਰ ਨੇ ਵੀਰਵਾਰ ਉਹ ਪਟੀਸ਼ਨਾਂ ਰੱਦ ਕਰ ਦਿੱਤੀਆਂ, ਜਿਨ੍ਹਾਂ ਵਿਚ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਤੋਂ ਵੱਖਰੇ ਹੋਣ ਵਾਲੇ ਅਜੀਤ ਪਵਾਰ ਧੜੇ ਦੇ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਗਈ ਸੀ। ਸਪੀਕਰ ਨੇ ਕਿਹਾ ਕਿ ਅਜੀਤ ਪਵਾਰ ਦੀ ਨੈਸ਼ਨਲਿਸਟ ਕਾਂਗਰਸ ਪਾਰਟੀ ਹੀ ਅਸਲੀ ਹੈ। ਸਪੀਕਰ ਨੇ ਕਿਹਾ ਕਿ ਐੱਨ ਸੀ ਪੀ ਦਾ ਮਾਮਲਾ ਅੰਤਰ-ਪਾਰਟੀ ਨਾਰਾਜ਼ਗੀ ਦਾ ਸੀ ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਅਜੀਤ ਧੜੇ ਨੇ ਪਾਰਟੀ ਛੱਡੀ।

### ਜਾਪਾਨੀ ਅਰਥ ਵਿਵਸਥਾ ਜਰਮਨੀ ਤੋਂ ਪਛੜੀ

**ਟੋਕੀਓ** : ਜਰਮਨੀ ਜਾਪਾਨ ਨੂੰ ਪਛਾੜ ਕੇ ਹੁਣ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ ਤੇ ਜਾਪਾਨ ਚੌਥੇ ਨੰਬਰ 'ਤੇ ਖਿਸਕ ਗਿਆ ਹੈ। ਵਿਸ਼ਲੇਸ਼ਕ ਕਹਿੰਦੇ ਹਨ ਕਿ 2023 ਦੇ ਅੰਕੜੇ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਕਿਵੇਂ ਜਾਪਾਨੀ ਅਰਥਵਿਵਸਥਾ ਹੌਲੀ-ਹੌਲੀ ਮੁਕਾਬਲੇ ਤੋਂ ਬਾਹਰ ਹੋ ਰਹੀ ਹੈ। ਜਾਪਾਨ 'ਚ ਬੁੱਢਿਆਂ ਦੀ ਗਿਣਤੀ ਵਧ ਰਹੀ ਹੈ ਤੇ ਜਨਮ ਦਰ ਘਟ ਰਹੀ ਹੈ, ਨਤੀਜੇ ਵਜੋਂ ਨੌਜਵਾਨਾਂ ਦੀ ਗਿਣਤੀ ਘਟੀ ਹੈ। 2010 'ਚ ਚੀਨ ਨੇ ਜਾਪਾਨ ਤੋਂ ਅਮਰੀਕਾ ਤੋਂ ਬਾਅਦ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਹੋਣ ਦਾ ਖਿਤਾਬ ਖੋਹ ਲਿਆ ਸੀ।

### ਦਿੱਲੀ ਹਾਈ ਕੋਰਟ ਉਡਾਉਣ ਦੀ ਧਮਕੀ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਈਮੇਲ ਰਾਹੀਂ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਵੀਰਵਾਰ ਹਾਈ ਕੋਰਟ 'ਚ ਸੁਰੱਖਿਆ ਵਧਾ ਦਿੱਤੀ ਗਈ। ਈਮੇਲ 'ਚ ਲਿਖਿਆ ਗਿਆ-15 ਫਰਵਰੀ ਨੂੰ ਦਿੱਲੀ 'ਚ ਸਭ ਤੋਂ ਵੱਡਾ ਧਮਾਕਾ ਹੋਵੇਗਾ। ਪੁਲਸ ਅਧਿਕਾਰੀ ਨੇ ਕਿਹਾ ਕਿ ਸਾਰੇ ਸੀ ਸੀ ਟੀ ਵੀ ਕੈਮਰਿਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ, ਪਰ ਕੁਝ ਵੀ ਸ਼ੱਕੀ ਚੀਜ਼ ਨਹੀਂ ਮਿਲੀ।

### ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। -ਮੈਨੇਜਰ

## ਪੰਜਾਬ 'ਚ ਚਾਰ ਘੰਟੇ ਰੇਲਾਂ ਜਾਮ ਰਹੀਆਂ, ਅੱਜ ਪੇਂਡੂ ਭਾਰਤ ਬੰਦ ਤੇ ਸਨਅਤੀ ਹੜਤਾਲ



**ਚੰਡੀਗੜ੍ਹ** : ਕਿਸਾਨੀ ਮੰਗਾਂ ਖਾਤਰ ਸੰਘਰਸ਼ ਲਈ ਦਿੱਲੀ ਜਾ ਰਹੇ ਕਿਸਾਨਾਂ 'ਤੇ ਪੁਲਸ ਕਾਰਵਾਈ ਦੇ ਵਿਰੋਧ ਵਿਚ ਵੀਰਵਾਰ ਰੇਲ ਰੋਕੋ ਦੇ ਸੱਦੇ ਤਹਿਤ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਪੰਜਾਬ 'ਚ ਰੇਲ ਪਟੜੀਆਂ ਉਪਰ ਧਰਨੇ ਦਿੱਤੇ ਗਏ। ਸੰਯੁਕਤ ਕਿਸਾਨ ਮੋਰਚੇ ਨੇ ਧੱਕੇਸ਼ਾਹੀ ਖਿਲਾਫ ਟੋਲ ਪਲਾਜ਼ਿਆਂ ਨੂੰ ਤਿੰਨ ਘੰਟਿਆਂ ਲਈ ਪਰਚੀ ਮੁਕਤ ਕਰ ਦਿੱਤਾ। ਸ਼ੁੱਕਰਵਾਰ ਨੂੰ ਸੰਯੁਕਤ ਕਿਸਾਨ ਮੋਰਚਾ ਤੇ ਕੇਂਦਰੀ ਟਰੇਡ ਯੂਨੀਅਨਾਂ 'ਪੇਂਡੂ ਭਾਰਤ ਬੰਦ' ਤੇ ਦੇਸ਼-ਵਿਆਪੀ ਹੜਤਾਲ ਕਰਨਗੇ।

## ਖੱਟਰ ਨੂੰ ਕਿਸਾਨਾਂ ਦੇ ਤਰੀਕਿਆਂ 'ਤੇ ਇਤਰਾਜ਼

**ਚੰਡੀਗੜ੍ਹ** : ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਸਾਨ ਅੰਦੋਲਨ ਬਾਰੇ ਵੀਰਵਾਰ ਕਿਹਾ ਕਿ ਅੰਦੋਲਨ ਕਰਨਾ ਹਰ ਕਿਸੇ ਦਾ ਜਮਹੂਰੀ ਹੱਕ ਹੈ। ਕਿਸਾਨ ਦਿੱਲੀ ਜਾ ਸਕਦੇ ਹਨ, ਪਰ ਇਸ ਦੇ ਪਿੱਛੇ ਦੀ ਨੀਅਤ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ। ਸਰਕਾਰ ਨੂੰ ਕਿਸਾਨਾਂ ਦੇ ਦਿੱਲੀ ਜਾਣ ਦੇ ਤਰੀਕਿਆਂ 'ਤੇ ਇਤਰਾਜ਼ ਹੈ। ਪ੍ਰਦਰਸ਼ਨਕਾਰੀ ਇੰਝ ਅੱਗੇ ਵਧ ਰਹੇ ਹਨ, ਜਿਵੇਂ ਕੋਈ ਫੌਜ ਹਮਲਾ ਕਰਨ ਲਈ ਅੱਗੇ ਵਧ ਰਹੀ ਹੋਵੇ। ਉਨ੍ਹਾਂ ਕੋਲ ਜੇ ਸੀ ਬੀ, ਇੱਕ ਸਾਲ ਦਾ ਰਾਸ਼ਨ ਤੇ ਟਰੈਕਟਰ-ਟਰਾਲੀਆਂ ਹਨ।

### ਦਿੱਲੀ ਪੁਲਸ ਨੇ ਅੱਥਰੂ ਗੈਸ ਦੇ 30 ਹਜ਼ਾਰ ਗੋਲੇ ਮੰਗਵਾਏ

ਨਵੀਂ ਦਿੱਲੀ : ਕਿਸਾਨਾਂ ਨੂੰ ਦਿੱਲੀ ਵਿਚ ਵੜਨੋਂ ਰੋਕਣ ਲਈ ਦਿੱਲੀ ਪੁਲਸ ਨੇ 30,000 ਅੱਥਰੂ ਗੈਸ ਦੇ ਗੋਲੇ ਮੰਗਵਾਏ ਹਨ। ਮੱਧ ਪ੍ਰਦੇਸ਼ ਦੇ ਗਵਾਲੀਅਰ ਦੇ ਟੀਕਨਪੁਰ ਸਥਿਤ ਬੀ ਐੱਸ ਐੱਫ ਦੀ ਟੀਅਰ ਸਮੋਕ ਯੂਨਿਟ ਤੋਂ 30,000 ਗੋਲਿਆਂ ਦੀ ਨਵੀਂ ਖੇਪ ਮੰਗਵਾਈ ਗਈ ਹੈ। ਭੀੜ ਨੂੰ ਖਿੰਡਾਉਣ ਲਈ ਵਰਤੇ ਜਾਂਦੇ ਅੱਥਰੂ ਗੈਸ ਦੇ ਗੋਲਿਆਂ ਵਿੱਚੋਂ ਨਿਕਲਦੀ ਗੈਸ ਕਾਰਨ ਅੱਖਾਂ ਵਿੱਚ ਜਲਣ ਅਤੇ ਹੰਝੂ ਆਉਂਦੇ ਹਨ।

## ਸਮੱਗਲਰ ਭੱਜ ਗਏ, ਬਲਦ ਅੜਿੱਕੇ ਆ ਗਏ



**ਪਟਨਾ** : ਡਰਾਈ ਸਟੇਟ ਬਿਹਾਰ ਵਿਚ ਸ਼ਰਾਬ ਹਾਸਲ ਕਰਨ ਲਈ ਨਵੇਕਲੇ ਤਰੀਕੇ ਇਸਤੇਮਾਲ ਕਰਨ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਟੈਂਕਰਾਂ, ਟਰੱਕਾਂ, ਟਰੈਕਟਰਾਂ, ਐਂਬੂਲੈਂਸਾਂ, ਬੱਸਾਂ, ਕਾਰਾਂ ਤੇ ਮੋਟਰਸਾਈਕਲਾਂ ਦੀ ਲੰਬੀ ਲਿਸਟ ਵਿਚ ਹੁਣ ਬੈਲ ਗੱਡੀ ਵੀ ਸ਼ਾਮਲ ਹੋ ਗਈ ਹੈ। ਗੋਪਾਲਗੰਜ ਜ਼ਿਲ੍ਹੇ ਦੇ ਐਕਸਾਈਜ਼ ਅਫਸਰ ਬੈਲ ਗੱਡੀ ਰਾਹੀਂ ਸ਼ਰਾਬ ਦੀ ਸਮੱਗਲਿੰਗ ਦੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਦੱਸਿਆ ਕਿ ਬੈਲ ਗੱਡੀ ਨੇ ਉਨ੍ਹਾਂ ਕੋਲੋਂ ਲੰਘ ਜਾਣਾ ਸੀ ਪਰ ਸ਼ੱਕ ਪੈਣ 'ਤੇ ਰੁਕਵਾ ਲਈ। ਸਮੱਗਲਰ ਭੱਜ ਗਏ ਪਰ ਪੰਜ ਲੱਖ ਰੁਪਏ ਦੀ ਸ਼ਰਾਬ ਹੱਥ ਲੱਗ ਗਈ। ਸ਼ਰਾਬ ਤੋਂ ਇਲਾਵਾ ਉਨ੍ਹਾਂ ਨੇ ਗੱਡੀ ਤੇ ਦੋ ਬਲਦ ਕਬਜ਼ੇ ਵਿਚ ਲੈ ਲਏ। ਜਦੋਂ ਜ਼ਬਤ ਮਾਲ ਬਾਰੇ ਵੀਰਵਾਰ ਕੋਰਟ ਨੂੰ ਜਾਣਕਾਰੀ ਦਿੱਤੀ ਗਈ ਤਾਂ ਕੋਰਟ ਨੇ ਕਿਹਾ ਕਿ ਬਲਦ ਦੇਖਭਾਲ ਲਈ ਕਿਸੇ ਨੂੰ ਸੌਂਪ ਦਿਓ।

## ਅੰਨਦਾਤਾ ਵਿਰੁੱਧ ਪੁਲਸ ਕਾਰਵਾਈ ਨਾਲ ਮੋਦੀ ਸਰਕਾਰ ਦਾ ਜਮਹੂਰੀਅਤ ਵਿਰੋਧੀ ਕਿਰਦਾਰ ਨੰਗਾ : ਜੌੜਾਮਾਜਰਾ

**ਚੰਡੀਗੜ੍ਹ** : ਖਨੌਰੀ ਅਤੇ ਸ਼ੰਭੂ ਸਰਹੱਦ 'ਤੇ ਹਰਿਆਣਾ ਪੁਲਸ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਤਸ਼ੱਦਦ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਇਸ ਕਾਰੇ ਨਾਲ ਭਾਜਪਾ ਸਰਕਾਰਾਂ ਦੀ ਜਮਹੂਰੀਅਤ ਵਿਰੋਧੀ ਅਤੇ ਤਾਨਾਸ਼ਾਹੀ ਮਾਨਸਿਕਤਾ ਦਾ ਘਿਨੌਣਾ ਚਿਹਰਾ ਸਾਹਮਣੇ ਆ ਗਿਆ ਹੈ, ਜੋ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਏਨੀ ਹੱਦ ਤੱਕ ਡਿੱਗ ਗਈ ਹੈ।



ਕੈਬਨਿਟ ਮੰਤਰੀ ਨੇ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਲਈ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਖਤ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਇਹ ਸਰਕਾਰ ਕਿਸਾਨੀ ਭਾਈਚਾਰੇ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਕੇ ਉਲਟਾ ਵੱਡੇ ਉਦਯੋਗਪਤੀਆਂ ਨੂੰ ਕਰੋੜਾਂ ਰੁਪਏ ਦੀਆਂ ਵੱਡੀਆਂ ਰਾਹਤਾਂ ਅਤੇ ਛੋਟਾਂ ਦੇਣ ਵਿੱਚ ਰੁਝੀ ਹੋਈ ਹੈ। ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਕੇਂਦਰ

• ਬਾਕੀ ਸਫ਼ਾ 2 'ਤੇ

## ਇਕੱਲੇ ਲੜਾਂਗੇ : ਫਾਰੂਕ

**ਨਵੀਂ ਦਿੱਲੀ** : ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਉਨ੍ਹਾ ਦੀ ਪਾਰਟੀ ਇਕੱਲਿਆਂ ਚੋਣ ਲੜੇਗੀ। ਕੁਝ ਦਿਨ ਪਹਿਲਾਂ ਈ ਡੀ ਨੇ ਕਥਿਤ ਮਨੀ ਲਾਂਡਰਿੰਗ ਮਾਮਲੇ ਵਿਚ ਪੁੱਛਗਿੱਛ ਲਈ ਫਿਰ ਤਲਬ ਕੀਤਾ ਹੈ। ਇਹ ਮਾਮਲਾ ਜੰਮੂ-ਕਸ਼ਮੀਰ ਕ੍ਰਿਕਟ ਐਸੋਸੀਏਸ਼ਨ ਨਾਲ ਜੁੜਿਆ ਹੈ, ਜਿਸ ਵਿਚ ਧਨ ਦੀ ਕਥਿਤ ਹੇਰਾਫੇਰੀ ਦਾ ਦੋਸ਼ ਹੈ। ਫਾਰੂਕ ਇੰਡੀਆ ਗੱਠਜੋੜ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ ਹਨ। ਇੰਡੀਆ ਟੂਡੇ ਨਾਲ ਗੱਲਬਾਤ ਵਿਚ ਫਾਰੂਕ ਨੇ ਕਿਹਾ ਕਿ ਇੰਡੀਆ ਗੱਠਜੋੜ ਵਿਚ ਸ਼ਾਮਲ ਪਾਰਟੀਆਂ ਨਾਲ ਸੀਟਾਂ ਦੀ ਵੰਡ ਦੀ ਗੱਲਬਾਤ ਫੇਲ੍ਹ ਹੋ ਗਈ ਹੈ। ਫਾਰੂਕ ਦੀ ਪਾਰਟੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦਾ ਹਿੱਸਾ ਰਹਿ ਚੁੱਕੀ ਹੈ।



## ਖੁਸ਼-ਟਾਕਰਾ

**ਪਟਨਾ** : ਵੀਰਵਾਰ ਨੂੰ ਬਿਹਾਰ 'ਚ ਕੁਝ ਵੱਖਰੀ ਹੀ ਤਸਵੀਰ ਦਿਖਾਈ ਦਿੱਤੀ ਜਦੋਂ ਬਿਹਾਰ 'ਚ ਮਹਾਗਠਬੰਧਨ ਦੇ ਟੁੱਟਣ ਤੋਂ ਬਾਅਦ ਪਹਿਲੀ ਵਾਰ ਲਾਲੂ ਪ੍ਰਸਾਦ ਯਾਦਵ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਆਹਮਣਾ-ਸਾਹਮਣਾ ਹੋਇਆ। ਲਾਲੂ ਦੇ ਪੁੱਜਣ 'ਤੇ ਸਮਰਥਕ ਉਨ੍ਹਾ ਦੇ ਹੱਕ 'ਚ ਜ਼ਿੰਦਾਬਾਦ ਦੇ ਨਾਅਰੇ ਲਾਉਣ ਲੱਗੇ। ਲਾਲੂ ਦੇ ਨਾਲ ਉਨ੍ਹਾ ਦੇ ਬੇਟੇ ਅਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਵੀ ਮੌਜੂਦ ਸਨ। ਤੇਜਸਵੀ ਦੇ ਹੱਕ 'ਚ ਵੀ ਜ਼ਿੰਦਾਬਾਦ ਦੇ ਨਾਅਰੇ ਲੱਗੇ। ਦੂਜੇ ਪਾਸਿਓਂ ਨਿਤੀਸ਼ ਕੁਮਾਰ ਆਉਂਦੇ ਦਿਖਾਈ ਦਿੱਤੇ। ਉਨ੍ਹਾ ਨੇ ਲਾਲੂ ਨੂੰ ਦੇਖਿਆ, ਥੋੜ੍ਹਾ ਸਮਾਂ ਰੁਕ ਕੇ ਉਨ੍ਹਾ ਦਾ ਹਾਲ-ਚਾਲ ਪੁੱਛਿਆ, ਹੱਥ ਜੋੜ ਕੇ ਸਵਾਗਤ ਕੀਤਾ ਅਤੇ ਉਨ੍ਹਾ ਦੇ ਮੋਢੇ 'ਤੇ



ਥਾਪੜਾ ਦੇ ਕੇ ਅੱਗੇ ਵਧ ਗਏ। ਮੌਕਾ ਰਾਜ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਭਰਨ ਦਾ ਸੀ। ਲਾਲੂ ਆਪਣੀ ਪਾਰਟੀ ਦੇ ਦੋ ਉਮੀਦਵਾਰਾਂ ਮਨੋਜ ਝਾਅ ਅਤੇ ਸੰਜੈ ਯਾਦਵ ਦੇ ਨਾਮਜ਼ਦਗੀ ਭਰਨ ਦੌਰਾਨ ਵਿਧਾਨ ਸਭਾ ਪਹੁੰਚੇ ਸਨ।

## ਅੱਜ-ਨਾਮਾ

ਕੋਰਟ ਸੁਪਰੀਮ ਨੇ ਅੱਜ ਜੋ ਹੁਕਮ ਕੀਤਾ,
ਬਾਹਲੀ ਵੱਡੀ ਉਸ ਮਾਰੀ ਆ ਸੱਟ ਮੀਆਂ।
ਚੋਣ ਫੰਡਾਂ ਵਿੱਚ ਹੁੰਦੀ ਸੀ ਨਿੱਤ ਗੜਬੜ,
ਰਸਤਾ ਮਘੋਰਿਆਂ ਦਾ ਦਿੱਤਾ ਕੱਟ ਮੀਆਂ।
ਮਿਲਦੀ ਮਾਇਆ ਦਾ ਪੁੱਛ ਹਿਸਾਬ ਸਾਰਾ,
ਵੱਡੇ ਘਰਾਣਿਆਂ ਦੇ ਕੱਢੇ ਈ ਵੱਟ ਮੀਆਂ।
ਫਸਣ ਲੱਗੇ ਆ ਬੈਂਕਾਂ ਦੇ ਨਾਲ ਅਫਸਰ,
ਸਕਣਗੇ ਦੱਸ ਉਹ ਵੱਧ ਨਾ ਘੱਟ ਮੀਆਂ।
ਕਰਿਆ-ਕੱਤਰਿਆ ਸਾਰਾ ਸੀ ਰਾਜਨੀਤੀ,
ਲੱਗੇ ਬੈਂਕਰ ਤੇ ਸੇਠ ਕਈ ਅੜਨ ਮੀਆਂ।
ਅਦਾਲਤ ਜਿਸ ਤਰ੍ਹਾਂ ਅੱਜ ਹੈ ਸੱਟ ਮਾਰੀ,
ਕਈ ਪੱਖਾਂ ਨੂੰ ਪਾਇਆ ਹੈ ਪੜ੍ਹਨ ਮੀਆਂ।

-ਤੀਸ ਮਾਰ ਖਾਂ

### ਅਮਰੀਕਾ 'ਚ ਭਾਰਤੀ ਮੋਟਲ ਮਾਲਕ ਦੀ ਹੱਤਿਆ

**ਵਾਸ਼ਿੰਗਟਨ** : ਅਮਰੀਕਾ ਦੇ ਅਲਬਾਮਾ ਵਿਚ ਕਮਰੇ ਨੂੰ ਲੈ ਕੇ ਹੋਏ ਝਗੜੇ ਤੋਂ ਬਾਅਦ ਗਾਹਕ ਨੇ ਭਾਰਤੀ ਮੂਲ ਦੇ 76 ਸਾਲਾ ਮੋਟਲ ਮਾਲਕ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸ਼ੈਫੀਲਡ ਦੇ ਹਿਲਕ੍ਰੈਸਟ ਮੋਟਲ ਦੇ ਮਾਲਕ ਪ੍ਰਵੀਨ ਰਾਓਜੀਭਾਈ ਪਟੇਲ ਦੀ ਪਿਛਲੇ ਹਫਤੇ ਹੱਤਿਆ ਕਰਨ ਵਾਲੇ 34 ਸਾਲਾ ਵਿਲੀਅਮ ਜੇਰੇਮੀ ਮੂਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੂਰ ਕਮਰਾ ਕਿਰਾਏ 'ਤੇ ਲੈਣ ਲਈ ਮੋਟਲ ਆਇਆ ਤਾਂ ਉਨ੍ਹਾਂ ਵਿਚਾਲੇ ਬਹਿਸ ਹੋ ਗਈ।

### 4 ਵਿਦਿਆਰਥੀ ਜ਼ਖਮੀ

**ਅਟਲਾਂਟਾ** : ਅਟਲਾਂਟਾ ਦੇ ਹਾਈ ਸਕੂਲ ਦੇ ਬਾਹਰ ਗੋਲੀਬਾਰੀ 'ਚ ਚਾਰ ਵਿਦਿਆਰਥੀ ਜ਼ਖਮੀ ਹੋ ਗਏ। ਅਟਲਾਂਟਾ ਪਬਲਿਕ ਸਕੂਲਜ਼ ਨੇ ਕਿਹਾ ਕਿ ਦੁਪਹਿਰ ਛੁੱਟੀ ਤੋਂ ਥੋੜ੍ਹੀ ਦੇਰ ਬਾਅਦ ਅਣਪਛਾਤੇ ਵਾਹਨ ਤੋਂ ਗੋਲੀਆਂ ਚਲਾਈਆਂ ਗਈਆਂ, ਜਿਸ ਨਾਲ ਬੈਂਜਾਮਿਨ ਈ ਮੇਜ ਹਾਈ ਸਕੂਲ ਦੀ ਪਾਰਕਿੰਗ 'ਚ ਚਾਰ ਵਿਦਿਆਰਥੀ ਜ਼ਖਮੀ ਹੋ ਗਏ।

## ਸੋਨੀਆ ਦਾ ਰਾਏਬਰੇਲੀ ਦੇ ਲੋਕਾਂ ਨੂੰ ਜਜ਼ਬਾਤੀ ਖ਼ਤ

**ਨਵੀਂ ਦਿੱਲੀ** : ਸੋਨੀਆ ਗਾਂਧੀ ਨੇ ਆਪਣੇ ਸੰਸਦੀ ਖੇਤਰ ਰਾਏਬਰੇਲੀ ਦੇ ਲੋਕਾਂ ਦੇ ਨਾਂਅ ਪੱਤਰ ਲਿਖ ਕੇ ਕਿਹਾ ਹੈ ਕਿ ਸਿਹਤ ਅਤੇ ਵਧਦੀ ਉਮਰ ਦੇ ਚੱਲਦੇ ਉਹ ਲੋਕਸਭਾ ਚੋਣਾਂ ਨਹੀਂ ਲੜੇਗੀ। ਉਸ ਨੇ ਆਪਣੇ ਰਾਜਨੀਤਕ ਜੀਵਨ ਨੂੰ ਲੈ ਕੇ ਰਾਏਬਰੇਲੀ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਚਾਹੇ ਅੱਗੇ ਸਿੱਧੇ ਤੌਰ 'ਤੇ ਉਨ੍ਹਾਂ ਦੀ ਨੁਮਾਇੰਦਗੀ ਨਾ ਕਰੇ, ਪਰ ਉਸ ਦਾ ਮਨ, ਪ੍ਰਾਣ ਸਦਾ ਉਥੋਂ ਦੇ ਲੋਕਾਂ ਦੇ ਨਾਲ ਰਹਿਣਗੇ।

ਸੋਨੀਆ ਨੇ ਪੱਤਰ 'ਚ ਲਿਖਿਆ ਹੈ-ਮੇਰਾ ਪਰਵਾਰ ਦਿੱਲੀ 'ਚ ਅਧੂਰਾ ਹੈ। ਉਹ ਰਾਏਬਰੇਲੀ ਹੈ। ਉਹ ਰਾਏਬਰੇਲੀ ਆ ਕੇ ਤੁਹਾਡੇ ਨਾਲ ਮਿਲ ਕੇ ਪੂਰਾ ਹੁੰਦਾ ਹੈ। ਇਹ ਰਿਸ਼ਤਾ ਬਹੁਤ ਪੁਰਾਣਾ ਹੈ ਅਤੇ ਆਪਣੇ ਸਹੁਰੇ ਪਰਵਾਰ ਤੋਂ ਮੈਨੂੰ ਕਿਸਮਤ ਵਜੋਂ ਮਿਲਿਆ ਹੈ। ਰਾਏਬਰੇਲੀ ਨਾਲ ਸਾਡੇ ਪਰਵਾਰ ਦੇ ਰਿਸ਼ਤੇ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਆਜ਼ਾਦੀ ਤੋਂ ਬਾਅਦ ਹੋਈਆਂ ਪਹਿਲੀਆਂ ਲੋਕਸਭਾ ਚੋਣਾਂ 'ਚ ਤੁਸੀਂ ਮੇਰੇ ਸਹੁਰੇ ਫਿਰੋਜ਼ ਗਾਂਧੀ ਨੂੰ ਜਿਤਾ ਕੇ ਦਿੱਲੀ ਭੇਜਿਆ। ਉਨ੍ਹਾ ਤੋਂ ਬਾਅਦ ਮੇਰੀ ਸੱਸ ਇੰਦਰਾ ਗਾਂਧੀ ਨੂੰ ਤੁਸੀਂ ਆਪਣਾ ਬਣਾ ਲਿਆ। ਉਦੋਂ ਤੋਂ ਲੈ ਕੇ ਹੁਣ ਤੱਕ ਸਿਲਸਿਲਾ ਜ਼ਿੰਦਗੀ ਦੇ ਉਤਾਰ-ਚੜ੍ਹਾਅ ਅਤੇ ਮੁਸ਼ਕਲ-ਭਰੀਆਂ ਰਾਹਾਂ 'ਤੇ ਪਿਆਰ ਅਤੇ ਜੋਸ਼ ਦੇ ਨਾਲ ਲੱਗੇ ਵਧਦਾ ਗਿਆ ਅਤੇ ਇਸ 'ਤੇ ਸਾਡੀ ਆਸਥਾ ਮਜ਼ਬੂਤ ਹੁੰਦੀ ਗਈ।



ਇਸੇ ਰੌਸ਼ਨ ਰਸਤੇ 'ਤੇ ਤੁਸੀਂ ਮੈਨੂੰ ਵੀ ਚੱਲਣ ਦੀ ਜਗ੍ਹਾ ਦਿੱਤੀ। ਸੱਸ ਅਤੇ ਜੀਵਨ ਸਾਥੀ ਨੂੰ ਹਮੇਸ਼ਾ ਲਈ ਗੁਆ ਕੇ ਮੈਂ ਤੁਹਾਡੇ ਕੋਲ ਆਈ ਅਤੇ ਤੁਸੀਂ ਆਪਣਾ ਆਂਚਲ ਮੇਰੇ ਲਈ ਫੈਲਾਅ ਦਿੱਤਾ। ਪਿਛਲੀਆਂ ਦੋ ਚੋਣਾਂ 'ਚ ਮੁਸ਼ਕਲ ਸਥਿਤੀਆਂ 'ਚ ਵੀ ਤੁਸੀਂ ਇੱਕ ਚੱਟਾਨ ਦੀ ਤਰ੍ਹਾਂ ਮੇਰੇ ਨਾਲ ਖੜ੍ਹੇ ਰਹੇ, ਮੈਂ ਇਹ ਕਦੇ ਵੀ ਭੁੱਲ ਨਹੀਂ ਸਕਦੀ। ਇਹ ਕਹਿੰਦੇ ਹੋਏ ਮੈਨੂੰ ਗਰਵ ਹੈ ਕਿ ਅੱਜ ਮੈਂ ਜੋ ਵੀ ਹਾਂ, ਤੁਹਾਡੀ ਬਦੌਲਤ ਹਾਂ, ਮੈਂ ਇਸ ਭਰੋਸੇ ਨੂੰ ਨਿਭਾਉਣ ਦੀ ਹਰ ਸਮੇਂ ਕੋਸ਼ਿਸ਼ ਕੀਤੀ। ਪੱਤਰ ਦੇ ਆਖਰ 'ਚ ਸੋਨੀਆ ਨੇ ਰਾਏਬਰੇਲੀ ਦੇ ਲੋਕਾਂ ਨੂੰ ਜਲਦ ਮਿਲਣ ਦਾ ਵਾਅਦਾ ਕੀਤਾ।

## ਸਪੋਰਟਸ ਕੋਡ ਦਾ ਖਰੜਾ ਤਿਆਰ

**ਚੰਡੀਗੜ੍ਹ** : ਪੰਜਾਬ ਨੂੰ ਖੇਡਾਂ ਦੇ ਖੇਤਰ 'ਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਖੇਡਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਖੇਡ ਐਸੋਸੀਏਸ਼ਨਾਂ ਲਈ ਸਪੋਰਟਸ ਕੋਡ ਬਣਾਇਆ ਜਾ ਰਿਹਾ ਹੈ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਖੇਡਾਂ ਦੀ ਬਿਹਤਰੀ ਲਈ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਨੂੰ ਅੱਗੇ ਵਧਾਉਂਦਿਆਂ ਸੂਬੇ ਅੰਦਰ ਚੱਲ ਰਹੀਆਂ ਖੇਡਾਂ ਦੀਆਂ ਐਸੋਸੀਏਸ਼ਨਾਂ ਦੀ ਬਿਹਤਰ ਕਾਰਗੁਜ਼ਾਰੀ ਲਈ ਖੇਡ ਵਿਭਾਗ ਵੱਲੋਂ ਮਾਹਰਾਂ ਦੀ ਰਾਏ ਨਾਲ ਸਪੋਰਟਸ ਕੋਡ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ। ਇਸ ਕੋਡ ਨੂੰ ਲਾਗੂ ਕਰਨ ਤੋਂ ਪਹਿਲਾਂ ਲੋਕਾਂ ਦੀ ਰਾਏ ਵੀ ਮੰਗੀ ਗਈ ਹੈ, ਤਾਂ ਜੋ ਇਸ ਨੂੰ ਹੋਰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕੀਤਾ ਜਾ ਸਕੇ। ਮੀਤ ਹੇਅਰ ਨੇ ਦੱਸਿਆ ਕਿ ਸਪੋਰਟਸ ਕੋਡ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਪਹਿਲਾਂ ਖੇਡਾਂ ਨਾਲ ਜੁੜੇ ਲੋਕਾਂ, ਐਸੋਸੀਏਸ਼ਨਾਂ ਅਤੇ ਆਮ ਲੋਕਾਂ ਤੋਂ ਸੁਝਾਅ ਲੈਣ ਲਈ ਇਸ ਕੋਡ ਦੇ ਖਰੜੇ ਦੀ ਕਾਪੀ ਵਿਭਾਗ ਦੀ ਵੈੱਬਸਾਈਟ ਉਪਰ ਅਪਲੋਡ ਕੀਤੀ ਗਈ ਹੈ। ਕੋਈ ਵੀ ਚਾਹਵਾਨ ਵਿਅਕਤੀ 10 ਮਾਰਚ ਤੱਕ ਕੋਡ ਸੰਬੰਧੀ ਵਿਭਾਗ ਦੀ ਈਮੇਲ ਉਪਰ ਸੁਝਾਅ ਦੇ ਸਕਦਾ ਹੈ। ਖੇਡ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਵੀਂ ਖੇਡ ਨੀਤੀ ਵੀ ਖੇਡ ਮਾਹਰਾਂ ਦੀ ਰਾਏ ਨਾਲ ਆਮ ਲੋਕਾਂ ਦੇ ਸੁਝਾਅ ਲੈਣ ਤੋਂ ਬਾਅਦ ਲਾਗੂ ਕੀਤੀ ਹੈ, ਜਿਸ ਦੇ ਏਸ਼ੀਆਈ ਖੇਡਾਂ 'ਚ ਚੰਗੇ ਨਤੀਜੇ ਸਾਹਮਣੇ ਆਏ, ਜਦੋਂ ਪੰਜਾਬ ਦੇ ਖਿਡਾਰੀਆਂ ਨੇ 72 ਸਾਲ ਦਾ ਰਿਕਾਰਡ ਤੋੜਦਿਆਂ ਪਹਿਲੀ ਵਾਰ 20 ਤਗਮੇ ਜਿੱਤੇ।



ਨਵਾਂ ਜ਼ਮਾਨਾ

ਸ਼ੁੱਕਰਵਾਰ, 16 ਫਰਵਰੀ 2024

4

# ਚੋਣ ਬਾਂਡ ਗੈਰ-ਕਾਨੂੰਨੀ ਕਰਾਰ

ਲੋਕ ਸਭਾ ਚੋਣਾਂ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਭਾਜਪਾ ਨੂੰ ਵੱਡਾ ਝਟਕਾ ਦਿੱਤਾ ਹੈ। ਚੀਫ਼ ਜਸਟਿਸ ਚੰਦਰਚੂੜ ਦੀ ਅਗਵਾਈ ਵਾਲੀ 5 ਮੈਂਬਰੀ ਸੰਵਿਧਾਨਕ ਬੈਂਚ ਨੇ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਚੋਣ (ਇਲੈਕਟੋਰਲ) ਬਾਂਡ ਨੂੰ ਅਸੰਵਿਧਾਨਕ ਕਰਾਰ ਦੇ ਕੇ ਇਸ ਨੂੰ ਤੁਰੰਤ ਬੰਦ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਚੋਣ ਬਾਂਡ ਜਾਰੀ ਕਰਨ ਵਾਲੀ ਸਟੇਟ ਬੈਂਕ ਆਫ਼ ਇੰਡੀਆ ਨੂੰ ਕਿਹਾ ਹੈ ਕਿ ਉਹ 6 ਮਾਰਚ ਤੱਕ ਇਸ ਬਾਰੇ ਸਾਰੇ ਅੰਕੜੇ ਚੋਣ ਕਮਿਸ਼ਨ ਨੂੰ ਸੌਂਪ ਦੇਵੇ। ਚੋਣ ਕਮਿਸ਼ਨ ਇਨ੍ਹਾਂ ਅੰਕੜਿਆਂ ਨੂੰ 13 ਮਾਰਚ ਤੱਕ ਆਪਣੀ ਵੈੱਬਸਾਈਟ ਉੱਤੇ ਪ੍ਰਕਾਸ਼ਤ ਕਰੇਗਾ। ਨਾਲ ਹੀ ਕਿਹਾ ਗਿਆ ਹੈ ਕਿ ਜਿਨ੍ਹਾਂ ਪਾਰਟੀਆਂ ਨੇ ਹਾਲੇ ਤੱਕ ਚੋਣ ਬਾਂਡ ਕੈਸ਼ ਨਹੀਂ ਕਰਾਏ, ਉਨ੍ਹਾਂ ਨੂੰ ਇਹ ਪੈਸਾ ਚੋਣ ਬਾਂਡ ਦੇਣ ਵਾਲਿਆਂ ਧਿਰਾਂ ਨੂੰ ਵਾਪਸ ਕਰਨਾ ਹੋਵੇਗਾ। ਸਰਕਾਰ ਨੇ ਇਸ ਬਾਰੇ ਬਿੱਲ ਲਿਆਉਣ ਲਈ ਜਨ ਪ੍ਰਤੀਨਿਧੀ ਐਕਟ ਤੇ ਇਨਕਮ ਐਕਟ ਵਿੱਚ ਵੀ ਸੋਧਾਂ ਕੀਤੀਆਂ ਸਨ। ਇਸ ਬਿੱਲ ਨੂੰ ਮਨੀ ਬਿੱਲ ਵਜੋਂ ਲਿਆਂਦਾ ਗਿਆ, ਕਿਉਂਕਿ ਭਾਜਪਾ ਰਾਜ ਸਭਾ ਵਿੱਚ ਘੱਟਗਿਣਤੀ ਵਿੱਚ ਸੀ। ਮਨੀ ਬਿੱਲ ਰਾਜ ਸਭਾ ਵਿੱਚ ਪਾਸ ਕਰਾਉਣਾ ਜ਼ਰੂਰੀ ਨਹੀਂ ਹੁੰਦਾ।

ਚੋਣ ਬਾਂਡ ਮੋਦੀ ਸਰਕਾਰ ਵੱਲੋਂ 2017 ਦੇ ਬਜਟ ਸਮੇਂ ਲਿਆਂਦਾ ਗਿਆ ਸੀ। ਉਸ ਵੇਲੇ ਕਿਹਾ ਗਿਆ ਸੀ ਕਿ ਇਸ ਨਾਲ ਸਿਆਸੀ ਪਾਰਟੀਆਂ ਨੂੰ ਦਿੱਤੇ ਜਾਂਦੇ ਫੰਡ ਵਿੱਚ ਪਾਰਦਰਸ਼ਤਾ ਆਵੇਗੀ ਤੇ ਕਾਲੇ ਧਨ ਉੱਤੇ ਰੋਕ ਲੱਗੇਗੀ। ਚੋਣ ਬਾਂਡ ਬਾਰੇ ਉਸ ਸਮੇਂ ਸਵਾਲ ਉੱਠਣੇ ਸ਼ੁਰੂ ਹੋ ਗਏ ਸਨ, ਜਦੋਂ ਇਹ ਸਾਹਮਣੇ ਆਇਆ ਕਿ ਇਸ ਨੂੰ ਨਾ ਵਿੱਤ ਮੰਤਰਾਲੇ, ਨਾ ਚੋਣ ਕਮਿਸ਼ਨ ਤੇ ਨਾ ਰਿਜ਼ਰਵ ਬੈਂਕ ਦੇ ਕਿਸੇ ਫੈਸਲੇ ਰਾਹੀਂ ਲਿਆਂਦਾ ਗਿਆ ਹੈ। ਸਪੱਸ਼ਟ ਤੌਰ ਉੱਤੇ ਇਹ ਸਰਕਾਰ ਚਲਾ ਰਹੀ ਪਾਰਟੀ ਦੇ ਉੱਪਰਲੀ ਪੱਧਰ ਦੇ ਆਗੂਆਂ ਦੀ ਇੱਛਾ ਮੁਤਾਬਕ ਲਿਆਂਦਾ ਗਿਆ ਸੀ। ਹੁਣ ਸਾਹਮਣੇ ਆ ਚੁੱਕਾ ਹੈ ਕਿ ਇਸ ਦਾ ਮੁੱਖ ਮਕਸਦ ਭਾਰਤੀ ਲੋਕਤੰਤਰ ਨੂੰ ਅਗਵਾ ਕਰਨ ਲਈ ਇੱਕ ਭ੍ਰਿਸ਼ਟਤੰਤਰ ਦੀ ਸਥਾਪਨਾ ਕਰਨਾ ਸੀ। ਇਸ ਸੰਬੰਧੀ ਬਹਿਸ ਕਰਦਿਆਂ ਮੰਨੇ-ਪ੍ਰਮੰਨੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਈ ਨੁਕਤੇ ਉਠਾਏ ਸਨ। ਉਨ੍ਹਾਂ ਕਿਹਾ ਸੀ ਕਿ ਪਿਛਲੇ 5 ਸਾਲਾਂ ਵਿੱਚ ਚੋਣ ਬਾਂਡਾਂ ਰਾਹੀਂ ਸੱਤਾਧਾਰੀ ਪਾਰਟੀ ਭਾਜਪਾ ਨੂੰ 5000 ਕਰੋੜ ਰੁਪਏ ਮਿਲੇ ਹਨ। ਦੇਸ਼ ਵਿੱਚ 543 ਲੋਕ ਸਭਾ ਹਲਕੇ ਹਨ। ਚੋਣ ਕਮਿਸ਼ਨ ਵੱਲੋਂ ਇੱਕ ਉਮੀਦਵਾਰ ਲਈ ਚੋਣ ਖ਼ਰਚਾ ਹੱਦ 70 ਲੱਖ ਰੁਪਏ ਹੈ। ਭਾਜਪਾ ਜੇਕਰ ਸਾਰੇ ਹਲਕੇ ਵੀ ਲੜਦੀ ਹੈ ਤਾਂ ਉਸ ਦੇ ਉਮੀਦਵਾਰ 400 ਕਰੋੜ ਰੁਪਏ ਤੋਂ ਵੀ ਘੱਟ ਖਰਚ ਕਰ ਸਕਦੇ ਹਨ। ਭਾਜਪਾ ਨੂੰ 5 ਹਜ਼ਾਰ ਕਰੋੜ ਰੁਪਏ ਚੋਣ ਫੰਡ ਮਿਲਣ ਨਾਲ ਉਨ੍ਹਾਂ ਹਰ ਉਮੀਦਵਾਰ ਉਤੇ ਕਰੀਬ 10 ਕਰੋੜ ਰੁਪਏ ਖ਼ਰਚ ਕਰਨਾ ਪਵੇਗਾ। ਭਾਰਤ ਦੇ ਜਨ-ਪ੍ਰਤੀਨਿਧੀ ਕਾਨੂੰਨ ਅਨੁਸਾਰ ਪਾਰਟੀਆਂ ਨੂੰ 20 ਹਜ਼ਾਰ ਤੋਂ ਵੱਧ ਲਏ ਚੰਦੇ ਦੀ ਜਾਣਕਾਰੀ ਚੋਣ ਕਮਿਸ਼ਨ ਨੂੰ ਦੇਣੀ ਪੈਂਦੀ ਹੈ। ਚੋਣ ਬਾਂਡ ਰਾਹੀਂ ਮਿਲੇ ਚੰਦੇ ਨੂੰ ਇਸ ਧਾਰਾ ਤੋਂ ਬਾਹਰ ਰੱਖਿਆ ਗਿਆ ਹੈ। ਇਹੋ ਨਹੀਂ, ਸਿਆਸੀ ਪਾਰਟੀਆਂ ਨੂੰ ਆਪਣੇ ਆਮਦਨ ਖ਼ਰਚ ਦਾ ਹਿਸਾਬ ਪੇਸ਼ ਕਰਨ ਸਮੇਂ ਵੀ ਚੋਣ ਬਾਂਡ ਦੇ ਪੈਸੇ ਦੀ ਜਾਣਕਾਰੀ ਦੇਣਾ ਜ਼ਰੂਰੀ ਨਹੀਂ ਹੈ। ਇਹੋ ਨਹੀਂ, ਸਰਕਾਰ ਤਾਂ ਐੱਸ ਬੀ ਆਈ ਰਾਹੀਂ ਜਾਰੀ ਕੀਤੇ ਚੋਣ ਬਾਂਡ ਖਰੀਦਣ ਵਾਲਿਆਂ ਦਾ ਪਤਾ ਲਾ ਸਕਦੀ ਹੈ, ਪਰ ਭਾਰਤ ਦਾ ਹੋਰ ਕੋਈ ਨਾਗਰਿਕ ਜਾਂ ਪਾਰਟੀਆਂ ਅਜਿਹਾ ਨਹੀਂ ਕਰ ਸਕਦੀਆਂ।

ਸੁਣਵਾਈ ਦੌਰਾਨ ਇਹ ਸਾਹਮਣੇ ਆਇਆ ਕਿ ਚੋਣ ਬਾਂਡਾਂ ਰਾਹੀਂ ਸਰਕਾਰ ਦਾ ਕਾਲੇ ਧਨ ਉੱਤੇ ਰੋਕ ਲਾਉਣ ਦਾ ਦਾਅਵਾ ਵੀ ਇੱਕ ਜੁਮਲਾ ਸੀ। ਕੰਪਨੀ ਐਕਟ ਦੀ ਧਾਰਾ 182 ਤਹਿਤ ਕੋਈ ਵੀ ਕੰਪਨੀ ਆਪਣੇ ਸਾਲਾਨਾ ਮੁਨਾਫ਼ੇ ਦਾ ਸਿਰਫ਼ 7.5 ਫ਼ੀਸਦੀ ਤੱਕ ਹੀ ਚੰਦਾ ਦੇ ਸਕਦੀ ਹੈ। ਚੋਣ ਬਾਂਡਾਂ ਰਾਹੀਂ ਇਸ ਦੀ ਕੋਈ ਹੱਦ ਨਹੀਂ ਹੈ। ਇਸ ਦੇ ਨਤੀਜੇ ਵਜੋਂ ਵੱਡੀਆਂ ਕੰਪਨੀਆਂ ਆਪਣੀਆਂ ਬੇਨਾਮੀ ਕੰਪਨੀਆਂ ਰਾਹੀਂ ਚੰਦਾ ਦਿੰਦੀਆਂ ਹਨ। ਬੇਨਾਮੀ ਕੰਪਨੀਆਂ ਕੋਲ ਕਾਲਾ ਧਨ ਹੁੰਦਾ ਹੈ। ਇਸ ਤਰ੍ਹਾਂ ਬੜੇ ਆਰਾਮ ਨਾਲ ਇਹ ਕਾਲਾ ਧਨ ਚੰਦੇ ਦੇ ਰੂਪ ਵਿੱਚ ਸਿਆਸੀ ਪਾਰਟੀਆਂ ਨੂੰ ਦਿੱਤਾ ਜਾ ਸਕਦਾ ਹੈ।

ਚੋਣ ਬਾਂਡ ਦਾ ਮਾਮਲਾ ਜਦੋਂ 2019 ਵਿੱਚ ਸੁਪਰੀਮ ਕੋਰਟ 'ਚ ਪੁੱਜਾ ਸੀ ਤਾਂ ਉਸ ਵੇਲੇ ਚੋਣ ਕਮਿਸ਼ਨ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਇਸ ਨਾਲ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਖ਼ਤਮ ਹੋ ਜਾਵੇਗੀ। ਰਿਜ਼ਰਵ ਬੈਂਕ ਨੇ ਵੀ ਚੋਣ ਬਾਂਡ ਬਾਰੇ ਇਤਰਾਜ਼ ਉਠਾਇਆ ਸੀ।

ਚੋਣ ਬਾਂਡ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਇਤਿਹਾਸਕ ਹੈ, ਪਰ ਬੜੀ ਦੇਰ ਬਾਅਦ ਆਇਆ ਹੈ। 2019 ਤੋਂ ਬਾਅਦ ਕਿੰਨੀਆਂ ਚੋਣਾਂ ਹੋਈਆਂ, ਜਿਨ੍ਹਾਂ ਵਿੱਚ ਇਸ ਭ੍ਰਿਸ਼ਟਤੰਤਰ ਦੀ ਵਰਤੋਂ ਕਰਕੇ ਲੋਕ ਫਤਵੇ ਨੂੰ ਖਰੀਦਿਆ ਗਿਆ ਹੋ ਸਕਦਾ ਹੈ। ਇਸ ਫੈਸਲੇ ਨੇ ਭਾਰਤੀ ਜਨਤਾ ਪਾਰਟੀ ਦੇ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰ ਦਿੱਤਾ ਹੈ। ਇਸ ਦੇ ਬਾਵਜੂਦ ਭਾਜਪਾ ਅਜਿਹਾ ਹੀ ਹੋਰ ਹੱਥਕੰਡਾ ਨਹੀਂ ਅਪਣਾਏਗੀ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲੋੜ ਇਸ ਗੱਲ ਦੀ ਹੈ ਕਿ ਭਾਜਪਾ ਦੀਆਂ ਅਜਿਹੀਆਂ ਕੁਚਾਲਾਂ ਦਾ ਹਰ ਪੱਧਰ ਉੱਤੇ ਮੁਕਾਬਲਾ ਕੀਤਾ ਜਾਵੇ।

-ਚੰਦ ਫਤਿਹਪੁਰੀ

# ਵਿਰੋਧੀ ਪਾਰਟੀਆਂ ਨੂੰ ਬਦਲਵੀਆਂ ਲੋਕ-ਪੱਖੀ ਨੀਤੀਆਂ ਅਪਣਾਉਣ ਦੀ ਲੋੜ



ਡਾ. ਸੁਰਿੰਦਰ ਮੰਡ (ਪ੍ਰੋਫੈਸਰ)

ਲਗਦਾ ਕਿ ਵਿਰੋਧੀ ਪਾਰਟੀਆਂ ਕੋਲ ਆਪਣੀ ਹੋਂਦ ਅਤੇ ਲੋਕ ਤੰਤਰ ਬਚਾਉਣ ਦਾ ਆਖਰੀ ਮੌਕਾ ਹੈ, ਕਿਸੇ ਵੀ ਕੀਮਤ ਉੱਤੇ ਤੁਰੰਤ ਇਕੱਠੇ ਹੋ ਕੇ ਮੌਕਾ ਸੰਭਾਲਣ। ਚੁਸਤੀ ਫੜਨ। ਬਦਲਵਾਂ ਜਨਤਾ ਪੱਖੀ ਅਜੰਡਾ ਜਾਰੀ ਕਰਨ।ਪ੍ਰਚਾਰ ਤੰਤਰ ਤੋਂ ਹਟ ਕੇ ਵੇਖੀਏ ਤਾਂ ਸਿਆਸੀ ਹਵਾ ਤੋਂ ਲਗਦਾ ਕਿ ਭਾਜਪਾ ਨਹੀਂ ਜਿੱਤ ਰਹੀ। 80 ਦੇ ਕਰੀਬ ਸੀਟਾਂ ਘਟਣਗੀਆਂ। ਉੜੀਸਾ, ਆਂਧਰਾ ਪ੍ਰਦੇਸ, ਤਿਲੰਗਾਨਾ, ਹਰਿਆਣਾ, ਯੂ.ਪੀ, ਤਾਮਿਲਨਾਡੂ ਦੀਆਂ ਸੂਬਾਈ ਪਾਰਟੀਆਂ (ਜੋ ਅਜੇ ਤੱਕ ਸਿੱਧੀਆਂ ਭਾਜਪਾ ਗਠਜੋੜ ਵਿਚ ਨਹੀਂ) ਨਾਲ ਸ਼ਰਦ ਪਵਾਰ, ਖੜਗੇ, ਕੇਜਰੀਵਾਲ, ਮਮਤਾ ਬੈਨਰਜੀ, ਸੀਤਾ ਰਾਮ ਯੈਚੁਰੀ ਤੇ ਹੋਰ ਖੱਬੇ ਪੱਖੀ ਪਾਰਟੀਆਂ, ਲਾਲੂ ਯਾਦਵ ਵਰਗਿਆਂ ਨੂੰ ਉਚੇਚਾ ਮੇਲ-ਜੋਲ ਵਧਾਉਣਾ ਚਾਹੀਦਾ ਹੈ। ਇਹਨਾਂ ਸੂਬਿਆਂ ਨੇ ਹੀ ਸਰਕਾਰ ਬਣਾਉਣੀ, ਜਿਸ ਦੀ ਵੀ ਬਣਾਈ।ਫਿਲਹਾਲ ਸਾਫ਼ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਦਾ ਮੁੱਖ ਮੁਕਾਬਲਾ 39 ਪਾਰਟੀਆਂ ਵਾਲੇ ਭਾਜਪਾ ਦੇ ਐਨ.ਡੀ.ਏ ਗੱਠਜੋੜ ਅਤੇ ਵਿਰੋਧੀ ਧਿਰਾਂ ਦੇ 27 ਪਾਰਟੀਆਂ ਵਾਲੇ 'ਇੰਡੀਆ' ਫਰੰਟ ਦਰਮਿਆਨ ਹੋਵੇਗਾ।ਇਨ੍ਹਾਂ ਤੋਂ ਅਲੱਗ ਮਾਇਆਵਤੀ ਦੀ ਬੀ.ਐੱਸ.ਪੀ, ਉੜੀਸਾ ਵਾਲਾ ਬੀਜੂ ਜਨਤਾ ਦਲ, ਤਿਲੰਗਾਨਾ ਵਾਲੀ ਬੀ.ਆਰ.ਐੱਸ, ਅਕਾਲੀ ਦਲ, ਅੰਨਾ ਡੀ.ਐੱਮ.ਕੇ, ਹਰਿਆਣੇ ਵਾਲੇ ਓਮ ਪ੍ਰਕਾਸ਼ ਚੌਟਾਲਾ ਅਜੇ ਵਿਚ-ਵਿਚਾਲੇ ਹਨ। ਇਹਨਾਂ 'ਚੋਂ ਅਕਾਲੀ ਦਲ ਅਤੇ ਚੌਧਰੀ ਦੇਵੀ ਲਾਲ ਦਾ ਟੱਬਰ ਤਾਂ ਲਗਦਾ ਕਿ ਅਖੀਰੀ ਮੋਦੀ ਹੁਰਾਂ ਨਾਲ ਜਾਣਗੇ, ਬਾਕੀ ਦੇ ਮੌਕਾ ਵੇਖਣਗੇ ਕਿ ਭਾਰੂ ਧਿਰ ਕਿਹੜੀ ਹੈ।

**ਰਾਜਾਂ ਦੇ ਚੋਣ ਅੰਕੜਿਆਂ ਦਾ ਗਲਤ ਪ੍ਰਚਾਰ**

ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਗਾਨਾ ਵਿਚ ਹੋਈਆਂ ਹਾਲੀਆ ਚੋਣਾਂ ਬਾਰੇ ਇਕਪਾਸੜ ਗਲਤ ਪ੍ਰਚਾਰ ਕੀਤਾ ਗਿਆ ਕਿ ਕਾਂਗਰਸ ਤਿੰਨ ਰਾਜ ਹਾਰਨ ਬਾਅਦ ਹੁਣ ਉੱਠਣ ਜੋਗੀ ਨਹੀਂ ਰਹੀ। ਕਾਂਗਰਸ ਨੂੰ ਦੇਸ਼ ਵਿਚ ਲੋਕਾਂ ਨੇ ਨਕਾਰ ਦਿੱਤਾ ਹੈ, ਇਸ ਕਰਕੇ ਹੁਣ ਨਰਿੰਦਰ ਮੋਦੀ ਦੀ ਲੋਕ ਸਭਾ 'ਚ ਜਿੱਤ ਵੀ ਅਟੱਲ ਹੈ, ਪਰ ਸੱਚ ਕੁਝ ਹੋਰ ਹੈ। ਚਾਰਾਂ ਰਾਜਾਂ ਨੂੰ ਗਿਣੀਏਂ ਤਾਂ ਭਾਜਪਾ ਨੂੰ ਕੁੱਲ 4,81,33463 (ਚਾਰ ਕਰੋੜ, ਇਕਿਆਸੀ ਲੱਖ, ਤੇਤੀ ਹਜ਼ਾਰ ਚਾਰ ਸੌ ਤਰੇਹਠ) ਵੋਟ ਮਿਲੇ, ਜਦਕਿ ਕਾਂਗਰਸ ਨੂੰ 4,90,77907 (ਚਾਰ ਕਰੋੜ, ਨੱਬੇ ਲੱਖ, ਸਤੱਤਰ ਹਜ਼ਾਰ ਨੌਂ ਸੌ ਸੱਤ) ਵੋਟਾਂ ਪਈਆਂ। ਕਾਂਗਰਸ ਦੀਆਂ ਵੋਟਾਂ ਸਾਢੇ ਨੌਂ ਲੱਖ ਵੱਧ ਹਨ। ਹਾਰੇ ਤਿੰਨਾਂ ਰਾਜਾਂ ਵਿਚ ਵੀ ਕਾਂਗਰਸ ਨੂੰ 40 ਫੀਸਦੀ ਵੋਟਾਂ ਪਈਆਂ। ਰਾਜਸਥਾਨ ਵਿਚ ਬੀ.ਜੇ.ਪੀ ਦੀਆਂ ਕਾਂਗਰਸ ਨਾਲੋਂ 2 ਫੀਸਦੀ, ਛੱਤੀਸਗੜ੍ਹ ਵਿਚ 4 ਫੀਸਦੀ ਅਤੇ ਮੱਧ ਪ੍ਰਦੇਸ ਵਿਚ 8 ਫੀਸਦੀ ਵੋਟਾਂ ਵੱਧ ਸਨ। ਤਿਲੰਗਾਨਾ ਵਿਚ ਕਾਂਗਰਸ ਦੀਆਂ 23 ਫੀਸਦੀ ਵੋਟਾਂ ਵੱਧ ਸਨ।2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਤਿਲੰਗਾਨਾ ਵਿਚ ਕੁੱਲ 6 ਸੀਟਾਂ ਜਿੱਤੀਆਂ ਸਨ ਅਤੇ ਭਾਜਪਾ ਨੇ 65, ਪਰ ਹੁਣ ਇਹਨਾਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਇਹਨਾਂ ਰਾਜਾਂ ਦੇ 28 ਲੋਕ ਸਭਾ ਹਲਕਿਆਂ ਵਿਚ ਬੜ੍ਹਤ ਮਿਲੀ ਹੈ (ਮੱਧ ਪ੍ਰਦੇਸ 'ਚ 5, ਰਾਜਸਥਾਨ 11, ਛੱਤੀਸਗੜ੍ਹ 3 ਅਤੇ ਤਿਲੰਗਾਨਾ 9), ਜਦਕਿ ਭਾਜਪਾ ਨੂੰ 65 ਤੋਂ ਘਟ ਕੇ 46 ਲੋਕ ਸਭਾ ਹਲਕਿਆਂ ਵਿਚ ਬੜ੍ਹਤ ਮਿਲੀ।ਕੀ ਵਿਰੋਧੀ ਪਾਰਟੀਆਂ ਦੇਸ਼ ਦੀ ਜਨਤਾ ਨੂੰ ਦੱਸਣ 'ਚ ਸਫਲ ਹੋਣਗੀਆਂ ਕਿ ਮੋਦੀ ਦਾ ਹਰ ਸਾਲ ਨੌਜਵਾਨਾਂ ਨੂੰ 2 ਕਰੋੜ ਰੁਜ਼ਗਾਰ ਦੇਣ ਦਾ ਵਾਅਦਾ ਝੂਠ ਨਿਕਲਿਆ? ਕਿਵੇਂ ਬਾਹਰੋਂ ਕਾਲਾ ਧਨ ਲਿਆ ਕੇ ਹਰੇਕ ਦੇ ਖਾਤੇ 'ਚ 15 ਲੱਖ ਪਾ ਦੇਣ ਦੇ ਜੁਮਲੇ ਛੱਡੇ ਗਏ। ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੀਆਂ ਗੱਪਾਂ ਛੱਡੀਆਂ ਗਈਆਂ। ਮਹਿੰਗਾਈ ਘੱਟ ਕਰਨ ਦੇ ਦਮਗਜ਼ੇ ਮਾਰ ਮਾਰ ਕੇ ਫਿਰ 100 ਰੁਪਏ ਲੀਟਰ ਪੈਟਰੌਲ ਅਤੇ ਗੈਸ ਸਿਲੰਡਰ ਦੁੱਗਣਾ 1100 ਰੁਪਏ ਨੂੰ ਕਰ ਦਿੱਤਾ। ਨਾ 'ਮੇਕ ਇਨ ਇੰਡੀਆ' ਕਿਤੇ ਲੱਭਦਾ ਤੇ ਨਾ 'ਬੁਲਟ ਟਰੇਨ' ਦਿੱਸਦੀ। ਆਪਣਾ ਐੱਮ.ਪੀ ਵਿਜੇ ਮਾਲੀਆ, ਕਈ ਲਲਿਤ ਮੋਦੀ, ਨੀਰਵ ਮੋਦੀ ਸਰਕਾਰੀ ਬੈਂਕਾਂ ਦਾ ਹਜ਼ਾਰਾਂ ਕਰੋੜ ਠੱਗ ਕੇ ਵਿਦੇਸ਼ਾਂ ਨੂੰ ਭੱਜ ਜਾਣ ਦਿੱਤੇ ਗਏ। 60 ਕੁ ਰੁਪਏ ਦਾ ਡਾਲਰ ਹੋਣ 'ਤੇ ਸ਼ੋਰ ਮਚਾਉਣ ਵਾਲੇ 85 ਦਾ ਡਾਲਰ ਹੋ ਜਾਣ 'ਤੇ ਮੌਨ ਹਨ। ਮਨੀਪੁਰ 'ਚ ਸਰਕਾਰੀ ਸ਼ਹਿ ਵਾਲੀ ਫਿਰਕੂ ਹਿੰਸਾ ਬਾਰੇ ਕੇਂਦਰ ਜਾਣ ਕੇ ਚੁੱਪ ਰਿਹਾ, ਕਿਉਂਕਿ ਫਿਰਕੂ ਧਰੁਵੀਕਰਨ ਤੋਂ ਸਿਆਸੀ ਲਾਭ ਦੀ ਆਸ ਹੈ।'ਇਕ ਰੈਂਕ ਇਕ ਪੈਨਸ਼ਨ' ਲਈ ਜੰਤਰ ਮੰਤਰ ਉੱਤੇ ਧਰਨਾ ਮਾਰਨ ਵਾਲੇ ਮੇਜਰ ਜਨਰਲ ਰੈਂਕ ਦੇ ਫੌਜੀ ਅਫਸਰ ਨੂੰ ਡੀ.ਐੱਸ ਪੀ ਰੈਂਕ ਦੇ ਪੁਲਸ ਵਾਲੇ ਘੜੀਸ ਕੇ ਉਠਾਉਂਦੇ ਵੇਖੇ ਗਏ। ਭਲਵਾਨ ਕੁੜੀਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਬਣਦੀ ਕਾਰਵਾਈ ਨਹੀਂ ਕੀਤੀ ਗਈ। ਦੇਸ਼ ਦਾ ਮਾਣ ਖਿਡਾਰਨਾਂ ਸਰੇਆਮ ਬੇਇੱਜ਼ਤ ਕੀਤੀਆਂ ਅਤੇ ਉਲੰਪਿਕ ਗੋਲਡ ਜਿੱਤਣ ਵਾਲੀ ਇਕੋ-ਇਕ ਪਹਿਲਵਾਨ ਸਾਕਸ਼ੀ ਮਲਿਕ ਜਦ ਰੋਸ ਵਜੋਂ ਖੇਡਣਾ ਛੱਡ ਗਈ, ਤਦ ਥੋੜ੍ਹੀ ਹੋਸ਼ ਆਈ। ਪੁਲਵਾਮਾ ਦੇ ਸ਼ਹੀਦ ਫੌਜੀਆਂ ਨੂੰ ਚੋਣ ਮੁੱਦਾ ਬਣਾ ਕੇ ਭੁਨਾਉਣ ਉਪਰੰਤ ਅਜੇ ਤੱਕ ਉਸ ਵਾਕਿਆ ਦੀ ਇਨਕੁਆਰੀ ਵੀ ਨਹੀਂ ਕਰਵਾਈ, ਸ਼ਹੀਦਾਂ ਤੇ ਸੀ ਆਰ ਪੀ ਐੱਫ ਦੀ ਪੈਨਸ਼ਨ ਵੀ ਬੰਦ ਹੈ, ਸਗੋਂ ਬਾਕੀ ਸਾਰੀ ਫੌਜ ਵਿਚ ਵੀ ਰੈਗੂਲਰ ਫੌਜ ਦੀ ਥਾਂ ਅਗਨੀਵੀਰ (ਸਿਰਫ 4 ਸਾਲ ਦੀ ਨੌਕਰੀ) ਯੋਜਨਾ ਲਿਆ ਕੇ ਨੌਜਵਾਨਾਂ ਨੂੰ ਵੀ ਨਿਰਾਸ਼ ਕਰ ਦਿੱਤਾ ਹੈ। ਯਾਰਾਂ ਬੇਲੀਆਂ ਦੀਆਂ ਬੀਮਾਂ ਕੰਪਨੀਆਂ ਦੇ ਲਾਭ ਲਈ 'ਫਸਲ ਬੀਮਾ ਯੋਜਨਾ' ਬਣਾ ਕੇ ਕਿਸਾਨ ਲੁੱਟਿਆ ਜਾ ਰਿਹਾ। ਚੁੱਪ-ਚਾਪ ਮਜ਼ਦੂਰ ਵਿਰੋਧੀ ਕਨੂੰਨ ਵੀ ਬਣਾਏ ਹਨ।ਆਮ ਲੋਕਾਂ ਨੂੰ ਤਾਂ ਕੀ, ਭਾਜਪਾ ਤਾਂ ਫੌਜ ਸਮੇਤ ਸਭ ਨੌਕਰੀਪੇਸ਼ਾ ਲੋਕਾਂ ਨੂੰ ਵੀ ਪੈਨਸ਼ਨ ਦੇਣ ਦੇ ਸਖਤ ਖਿਲਾਫ ਲਗਦੀ ਹੈ। ਵਾਜਪਾਈ ਸਰਕਾਰ ਨੇ ਹੀ 2004 ਵਿਚ ਪੈਨਸ਼ਨ ਬੰਦ ਕੀਤੀ ਸੀ। ਮੋਦੀ ਸਰਕਾਰ ਨੇ ਦੇਸ਼ ਦੇ ਵੱਡੇ ਸਰਕਾਰੀ ਅਦਾਰੇ (ਰੇਲਵੇ, ਏਅਰ ਪੋਰਟ, ਪੈਟਰੋਲ, ਗੈਸ, ਬਿਜਲੀ ਕੋਲੇ, ਦੂਰ ਸੰਚਾਰ, ਹਥਿਆਰ ਖਰੀਦ ਵਰਗੇ ਅਨੇਕਾਂ ਕਾਰੋਬਾਰ) ਆਪਣੇ ਅੰਬਾਨੀ-ਅਡਾਨੀ ਵਰਗੇ ਮਿੱਤਰਾਂ ਦੇ ਹਵਾਲੇ ਕਰ ਦਿੱਤੇ ਹਨ ਅਤੇ ਉਲਟਾ ਅਜਿਹੇ ਵੱਡੇ ਕਾਰੋਬਾਰੀਆਂ ਨੂੰ ਦੀਵਾਲੀਆ ਐਲਾਨ ਕੇ ਹੁਣ ਤਕ ਲੱਖਾਂ ਕਰੋੜ ਰੁਪਈਆ ਮਾਫ (ਐੱਨ.ਪੀ.ਏ) ਕਰ ਛੱਡਿਆ ਹੈ। ਆਂਢ-ਗਵਾਂਢ ਦੇ ਮੁਲਕਾਂ ਸ੍ਰੀਲੰਕਾ, ਭੂਟਾਨ, ਮਾਲਦੀਵ, ਨੇਪਾਲ, ਚੀਨ ਅਤੇ ਪਾਕਿਸਤਾਨ ਨਾਲ ਹੋਰ ਵਿਗਾੜ ਹੀ ਪਿਆ ਹੈ। ਹੁਣੇ ਚੁਣਿਆ ਮਾਲਦੀਵ ਦਾ ਰਾਸ਼ਟਰਪਤੀ ਤਾਂ 'ਇੰਡੀਆ ਆਊਟ' ਦਾ ਨਾਹਰਾ ਦੇ ਕੇ ਜਿੱਤਿਆ ਹੈ।ਵਿਖਾਵੇ ਲਈ ਦਾਅਵੇ ਜੋ ਮਰਜ਼ੀ ਹੋਣ, ਪਰ ਜੇ ਲੀਡਰਾਂ, ਮੰਤਰੀਆਂ ਦੇ ਬਿਆਨ ਅਤੇ ਖਬਰਾਂ ਦੇ ਚੈਨਲਾਂ ਉੱਤੇ ਕਰਵਾਈ ਜਾਂਦੀ ਰੋਜ਼ਾਨਾ ਦੀ ਬਹਿਸ ਦੇ ਵਿਸ਼ਿਆਂ ਨੂੰ ਘੋਖੀਏ ਤਾਂ ਦਿੱਸਦਾ ਕਿ 'ਧਰਮ ਦੇ ਨਾਂਅ 'ਤੇ ਕੱਟੜਤਾ ਅਤੇ ਅੰਧਵਿਸ਼ਵਾਸ ਨੂੰ ਹਵਾ ਦੇਣਾ, ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਮੁਸਲਮਾਨਾਂ ਨਾਲ ਛਿੱਡ-ਅੜੀਆਂ ਲੈਣੀਆਂ, ਅਯੁੱਧਿਆ, ਕਾਸ਼ੀ, ਮਥੁਰਾ ਦੇ ਨਾਂਅ ਉੱਤੇ ਮਜ਼ਹਬੀ ਨਫ਼ਰਤ ਅਤੇ ਟਕਰਾਓ ਨੂੰ ਸ਼ਿਸ਼ਕਾਰਨਾ, ਹਰੇਕ ਚੋਣ ਨੂੰ ਅਖੀਰੀ ਕੱਟੜ ਹਿੰਦੂਤਵ ਦੇ ਮੁੱਦੇ ਉੱਤੇ ਲਿਆ ਖੜ੍ਹਾ ਕਰਨਾ ਅਤੇ ਇਸ ਰੌਲੇ-ਰੱਪੇ ਅਤੇ ਭੜਕਾਹਟ ਦੀ ਗਰਦ ਹੇਠ ਜਨਤਾ ਦੀ ਆਰਥਕ ਜ਼ਿੰਦਗੀ ਨਾਲ ਜੁੜੇ ਸਭ ਮੁੱਦੇ ਢੱਕ ਦੇਣ ਦੀ ਮਨਸ਼ਾ ਦਿੱਸਦੀ ਹੈ। ਵਿਦਿਆ, ਸਿਹਤ, ਰੁਜ਼ਗਾਰ, ਨੌਜਵਾਨੀ, ਮਹਿੰਗਾਈ, ਮੁਲਕ ਸਿਰ ਕਰਜ਼ਾ, ਭਾਈਚਾਰਾ, ਤਰੱਕੀ, ਕਿਸਾਨ, ਮਜ਼ਦੂਰਾਂ ਬਾਰੇ ਗੰਭੀਰ ਚਰਚਾ ਕਰਨ ਦੀ ਗੱਲ ਕਰਨ ਵਾਲਿਆਂ ਉੱਤੇ ਸਰਕਾਰੀ ਸ਼ਿਕੰਜਾ ਕੱਸਿਆ ਜਾਂਦਾ ਹੈ। ਦੇਸ਼ ਦੀਆਂ ਮੁੱਖ ਜਾਂਚ ਏਜੰਸੀਆਂ ਇਨਕਮ ਟੈਕਸ, ਈ.ਡੀ, ਸੀ.ਬੀ.ਆਈ ਬਾਰੇ ਤਾਂ ਲੋਕ ਕਹਿੰਦੇ ਕਿ ਇਹ ਜਿਵੇਂ ਸਿਰਫ਼ ਵਿਰੋਧੀਆਂ ਨੂੰ ਸਿਆਸੀ ਤੌਰ 'ਤੇ ਖਦੇੜਨ ਲਈ ਹਨ। ਸਰਕਾਰ ਪੱਖੀ ਲੋਕ ਸਭ ਦੁੱਧ-ਧੋਤੇ ਹਨ।ਲਗਦਾ ਕਿ ਕਈ ਸਿਆਸੀ ਪਾਰਟੀਆਂ/ਲੀਡਰ ਇਹਨਾਂ ਤੋਂ ਡਰਦੇ ਹੀ ਨਾਲ ਜੁੜੇ ਫਿਰਦੇ ਹਨ, ਇਹ ਗੰਭੀਰ ਖਤਰੇ ਦੀ ਘੰਟੀ ਹੈ। ਇਸ ਮਹੌਲ ਵਿਚ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਹੈ ਕਿ ਉਹ ਬੜੀ ਦਲੇਰੀ ਤੇ ਸੂਝ-ਬੂਝ ਨਾਲ ਲੋਕਾਂ ਦੇ ਅਸਲੀ ਆਰਥਕ ਭਾਈਚਾਰਕ ਮੁੱਦਿਆਂ ਨੂੰ ਲੈ ਕੇ ਜਨਤਾ ਨੂੰ ਜਗਾਉਣ ਦੀ ਫੌਰੀ ਪਹਿਲ ਕਦਮੀ ਕਰੇ।ਅਜੇ ਤੱਕ ਤਾਂ ਵਿਰੋਧੀ ਧਿਰ ਸਾਂਝੀ ਰਣਨੀਤੀ ਪੱਖੋਂ ਸੁਸਤ ਨਜ਼ਰ ਆਉਂਦੀ ਹੈ।

**ਬਦਲਵੀਆਂ ਲੋਕ-ਪੱਖੀ ਨੀਤੀਆਂ ਜ਼ਰੂਰੀ**

ਵਿਰੋਧੀ ਪਾਰਟੀਆਂ ਵੱਲੋਂ ਮੋਦੀ ਸਰਕਾਰ ਦੀਆਂ ਸਿਰਫ ਨਾਕਾਮੀਆਂ ਗਿਣਾਈ ਜਾਇਆਂ ਗੱਲ ਨਹੀਂ ਬਣਨੀ ਜਾਂ ਫਿਰ ਇਹੀ ਕਹੀ ਜਾਣਾ ਕਿ ਅਸੀਂ ਮੋਦੀ ਸਰਕਾਰ ਬਦਲਣ ਲਈ ਇਕੱਠੇ ਹੋਏ ਹਾਂ। ਲੋਕ ਤਦ ਸਰਕਾਰ ਬਦਲਣ ਲਈ ਤੁਲਣਗੇ, ਜਦ ਉਹਨਾਂ ਨੂੰ ਆਪਣੇ ਭਵਿੱਖ ਦੀ ਆਸ ਦੀ ਕਿਰਨ ਵਰਗੀਆਂ ਬਦਲਵੀਆਂ ਨੀਤੀਆਂ ਲੈ ਆਉਣ ਦਾ 'ਇੰਡੀਆ' ਗਠਜੋੜ ਲੋਕਾਂ ਨੂੰ ਵਿਸ਼ਵਾਸ਼ ਦਿਵਾਉਣ ਵਿਚ ਸਫਲ ਹੋਵੇਗਾ।ਐਸੀਆਂ ਨੀਤੀਆਂ ਜੋ ਰੁਜ਼ਗਾਰਮੁਖੀ ਹੋਣ, ਸਥਾਨਕ ਹਾਲਾਤ ਅਨੁਕੂਲ ਸਨਅਤੀ ਵਿਕਾਸ, ਕੁਰੱਪਸ਼ਨ ਮੁਕਤ ਮਹੌਲ ਬਣਾਉਣ, ਸਭ ਸੂਬਿਆਂ ਦੇ ਸਾਵੇਂ ਵਿਕਾਸ ਨੂੰ ਸਮਰਪਿਤ ਹੋਣ, ਬੋਲੀਆਂ, ਸੱਭਿਆਚਾਰ ਦੀ ਫੁਲਵਾੜੀ ਦੇ ਹਰ ਰੰਗ ਦੀ ਕਦਰ ਕਰਨ, ਵਿਸ਼ਵ ਅਮਨ ਨੂੰ ਸਲਾਮ ਕਰਨ, ਆਂਢ-ਗਵਾਂਢ ਲਈ ਮੁਹੱਬਤੀ ਮਹੌਲ ਬੰਨ੍ਹਣ ਵਾਲੀਆਂ ਹੋਣ। ਇਹ ਸਭ ਸਲਾਹ-ਮਸ਼ਵਰੇ ਕਰਨ ਵਿਚ ਮੁਜਰਮਾਨਾ ਦੇਰੀ ਹੋ ਰਹੀ ਹੈ। ਕੀ ਵਿਰੋਧੀ ਪਾਰਟੀਆਂ ਦੇ ਲੀਡਰ ਸਾਰੇ ਕੰਮ ਛੱਡ ਕੇ ਚਾਰ ਦਿਨ ਇਕੱਠੇ ਨਹੀਂ ਬੈਠ ਸਕਦੇ, ਬੇਹੱਦ ਸ਼ਰਮ ਤੇ ਨਲਾਇਕੀ ਦੀ ਗੱਲ ਹੈ ਕਿ ਆਰਥਕ ਸਰੋਤਾਂ ਅਤੇ ਇਤਿਹਾਸ ਪੱਖੋਂ ਏਡਾ ਸਮਰੱਥ ਸਾਡਾ ਭਾਰਤ ਦੇਸ਼ ਜਿਵੇਂ ਭੁੱਖ, ਮਹਿੰਗਾਈ, ਬੇਰੁਜ਼ਗਾਰੀ, ਆਰਥਕ ਖੜੋਤ ਅਤੇ ਭਾਈਚਾਰਕ ਨਫ਼ਰਤ ਦੀ ਦਲਦਲ ਵਿਚ ਧਸਦਾ ਜਾ ਰਿਹਾ, ਇਸ ਨਿਰਾਸ਼ਾ ਵਿਚੋਂ ਕੱਢਣ ਲਈ ਲੋਕਾਂ ਵਿਚ ਇਹ ਆਸ ਜਗਾਉਣੀ ਹੋਵੇਗੀ ਕਿ ਵਿਰੋਧੀ ਪਾਰਟੀਆਂ ਦਾ ਇਹ ਗਠਜੋੜ ਹੀ ਸੰਵਿਧਾਨ ਦੀ ਮੂਲ ਭਾਵਨਾ ਉੱਤੇ ਪਹਿਰਾ ਦੇ ਕੇ ਮੁਲਕ ਨੂੰ ਅੱਗੇ ਵਧਾਉਣ ਦੇ ਸਮਰੱਥ ਹੈ। ਇਸ ਕੋਲ ਰੁਜ਼ਗਾਰ-ਮੁਖੀ ਵਿਕਾਸ ਦੀ ਸਮਝ ਹੈ ਸੁਹਿਰਦਤਾ ਹੈ, ਅਤੇ ਕਹਿਣੀ-ਕਰਨੀ ਵਿਚ ਫਰਕ ਨਹੀਂ, ਇਹ ਜੁਮਾਲੇਬਾਜ਼ ਨਹੀਂ।

**ਗਠਜੋੜ ਲਈ ਲਚਕੀਲੀ ਸਮਝਦਾਰੀ**

ਬਿਨਾਂ ਸ਼ੱਕ 'ਇੰਡੀਆ' ਗਠਜੋੜ ਲਈ ਪੰਜਾਬ, ਬੰਗਾਲ, ਦਿੱਲੀ, ਕੇਰਲਾ, ਗੁਜਰਾਤ ਵਿਚ ਮਿਲ ਬੈਠਣਾ ਆਸਾਨ ਨਹੀਂ। ਆਂਧਰਾ, ਤਿਲੰਗਾਨਾ, ਹਰਿਆਣਾ, ਉੜੀਸਾ, ਯੂ.ਪੀ ਵਿਚ ਹੋਰਨਾਂ ਨੂੰ ਨਾਲ ਲੈਣਾ ਵੀ ਵੱਡੀ ਸਮਝਦਾਰੀ ਦਾ ਕੰਮ ਹੈ। ਇਸ ਲਈ ਸੂਝ-ਬੂਝ, ਦੂਰ ਦੀ ਸੋਚ, ਲਚਕਦਾਰੀ ਅਤੇ ਨਿੱਜ ਨਾਲੋਂ ਮੁਲਕ ਨੂੰ ਪਹਿਲ ਦੇਣ ਵਾਲੀ ਫਿਤਰਤ ਦਾ ਲੜ ਫੜਨਾ ਪਵੇਗਾ। ਚੰਡੀਗੜ੍ਹ, ਹਰਿਆਣਾ, ਦਿੱਲੀ, ਗੋਆ, ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਕਰਨਾਟਕ ਵਿਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਮਿਲ ਕੇ ਮੋਦੀ ਦਾ ਟਾਕਰਾ ਕਰ ਸਕਣਗੇ। ਇਹ ਅਕਲ ਵਿਰੋਧੀ ਪਾਰਟੀਆਂ ਨੂੰ ਭਾਜਪਾ ਤੋਂ ਸਿੱਖਣੀ ਹੋਵੇਗੀ। ਜੇ 'ਇੰਡੀਆ' ਨੇ ਕਿਤੇ ਵੀ ਢਿੱਲਮੱਠ/ਆਨਾਕਾਨੀ ਕੀਤੀ ਤਾਂ ਭਾਜਪਾ ਕਿਸੇ ਨੂੰ ਵੀ, ਕਿਸੇ ਵੀ ਕੀਮਤ ਉੱਤੇ ਨਾਲ ਲੈਣ ਨੂੰ ਮਿੰਟ ਨਹੀਂ ਲਾਏਗੀ। ਬਿਹਾਰ ਵਿਚ ਨਿਤੀਸ਼ ਇਹੀ ਬਹਾਨਾ ਲਾ ਕੇ ਨਿੱਖੜਿਆ ਹੈ। ਮਜ਼ਬੂਤ ਫੈਡਰਲ ਢਾਂਚੇ ਦਾ ਮੁਦਈ ਬਣ ਕੇ 'ਇੰਡੀਆ' ਗਠਜੋੜ ਰਹਿੰਦੀਆਂ ਸੂਬਾਈ ਪਾਰਟੀਆਂ ਨੂੰ ਨਾਲ ਲੈ ਸਕਦਾ ਹੈ। ਇਸ ਪੱਖੋਂ ਉੜੀਸਾ, ਤਿਲੰਗਾਨਾ, ਪੰਜਾਬ, ਹਰਿਆਣਾ, ਆਂਧਰਾ ਪ੍ਰਦੇਸ਼, ਯੂ.ਪੀ, ਤਾਮਿਲਨਾਡੂ, ਅਸਾਮ, ਕਰਨਾਟਕ ਅਹਿਮ ਹਨ। ਮੁਲਕ ਭਰ ਵਿਚ ਵੱਡੀ ਲਹਿਰ ਦੇ ਬਾਵਜੂਦ 2019 ਵਿਚ ਭਾਜਪਾ ਨੂੰ 38 ਫੀਸਦੀ ਵੋਟਾਂ ਮਿਲੀਆਂ ਸਨ। ਕਿਸੇ ਨਵੇਂ ਸੂਬੇ ਵਿਚ ਵੋਟਾਂ ਵਧ ਜਾਣ ਦਾ ਤਾਂ ਕੋਈ ਕਾਰਨ ਨਜ਼ਰ ਨਹੀਂ ਆਉਂਦਾ। ਬਿਹਾਰ, ਮਹਾਰਾਸ਼ਟਰ, ਕਰਨਾਟਕ, ਬੰਗਾਲ, ਤਿਲੰਗਾਨਾ, ਝਾਰਖੰਡ, ਹਰਿਆਣਾ, ਦਿੱਲੀ ਵਿਚ ਸੀਟਾਂ ਘਟਣ ਦੀਆਂ ਸੰਭਾਵਨਾਵਾਂ ਹਨ। ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਹਿਮਾਚਲ, ਯੂ.ਪੀ, ਉੜੀਸਾ ਨੂੰ ਬਰਕਰਾਰ ਰੱਖਣਾ ਵੀ ਚੁਣੌਤੀ ਹੈ। ਭਾਜਪਾ ਦੀਆਂ 80 ਦੇ ਕਰੀਬ ਸੀਟਾਂ ਘਟਣ ਦੀ ਸੰਭਾਵਨਾ ਹੈ। ਲੋੜ ਹੈ ਆਪੋਜ਼ੀਸ਼ਨ ਲੀਡਰਾਂ ਨੂੰ ਕਿ ਲਚਕੀਲੇ ਬਣ ਕੇ ਆਪਣੀ ਬੋਲ-ਬਾਣੀ ਦਾ ਖਾਸ ਧਿਆਨ ਰੱਖਦਿਆਂ, ਨੀਤੀਆਂ ਦਾ ਆਸਵੰਦ ਬਦਲ ਦੇ ਕੇ ਬਿਨਾਂ ਕੋਈ ਗਲਤੀ ਕੀਤਿਆਂ ਅੱਗੇ ਵਧਣ ਦੀ। ਇਹ ਦੇਸ਼ ਨੂੰ ਨਫ਼ਰਤੀ ਜਿੱਲ੍ਹਣ ਵਿਚੋਂ ਕੱਢ ਕੇ ਆਰਥਕ ਪੱਖੋਂ ਅੱਗੇ ਲਿਜਾਣ ਬਚਾਉਣ ਦਾ ਸਵਾਲ ਹੈ, ਸਮਾਜਕ ਨਿਆਂ ਲਈ ਅਤੇ ਗਰੀਬੀ, ਬੇਰੁਜ਼ਗਾਰੀ ਵਿਰੁੱਧ ਲੜਾਈ ਹੈ। ਇਹ ਕਿਸੇ ਦੀ ਨਿੱਜੀ ਜਿੱਤ ਹਾਰ ਦੀ ਲੜਾਈ ਨਹੀਂ। ਨਾ ਸੰਭਲੇ ਤਾਂ ਜੀਵਨ ਭਰ ਪਛਤਾਉਣ ਲਈ ਤਿਆਰ ਹੋ ਜੋ।

**# ਸੰਪਰਕ: 94173-24543**

# ਦੇਸ਼ ਵਾਸਤੇ ਹਰੀ ਕ੍ਰਾਂਤੀ ਲਈ ਪੰਜਾਬ ਦੀ ਦੇਣ



ਡਾ. ਸਿਕੰਦਰ ਸਿੰਘ ਚੀਮਾ

ਦੇਸ਼ ਦੀ ਅਜ਼ਾਦੀ ਤੋਂ ਬਾਅਦ ਸਾਡੇ ਮੁਲਕ ਵਿੱਚ ਅਨਾਜ ਦੀ ਤੋੜ ਪੈ ਗਈ ਸੀ ਤੇ ਕਈ ਪ੍ਰਦੇਸ਼ਾਂ ਦੇ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਗਏ ਸਨ। ਸਾਡੀ ਕੇਂਦਰ ਦੀ ਸਰਕਾਰ ਨੂੰ ਅਨਾਜ ਬਾਹਰਲੇ ਮੁਲਕਾਂ ਤੋਂ ਮੰਗਵਾਉਣਾ ਪੈਂਦਾ ਸੀ। ਜਿਸ ਦੇ ਇਵਜ਼ ਵਜੋਂ ਸਾਨੂੰ ਭਾਰੀ ਮਾਤਰਾ ਵਿਚ ਮੁਲਕ ਦਾ ਪੈਸਾ ਦੂਜੇ ਦੇਸ਼ਾਂ ਨੂੰ ਦੇਣਾ ਪੈਂਦਾ ਸੀ। ਇਸ ਤਰ੍ਹਾਂ ਸਾਨੂੰ ਅਨਾਜ ਦੀ ਪੂਰਤੀ ਲਈ ਦੂਸਰੇ ਦੇਸ਼ਾਂ ਅੱਗੇ ਹੱਥ ਅੱਡਣੇ ਪੈਂਦੇ ਸਨ ਤੇ ਨਾਲ ਹੀ ਉਹਨਾਂ ਦੇਸ਼ਾਂ ਦੀਆਂ ਬੇਲੋੜੀਆਂ ਹੋਰ ਸ਼ਰਤਾਂ ਵੀ ਮੰਨਣੀਆਂ ਪੈਂਦੀਆਂ ਸਨ, ਜੋ ਕਿ ਸਾਡੇ ਦੇਸ਼ ਲਈ ਕੋਈ ਬਾਹਲੀਆਂ ਚੰਗੀਆਂ ਨਹੀਂ ਸਨ। ਫਿਰ ਸਾਡੇ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਉਣ ਲਈ ਇਕ ਕ੍ਰਾਂਤੀ ਲਿਆਂਦੀ ਗਈ ਜਿਸ ਦਾ ਸਿਹਰਾ ਸਾਡੇ ਮਹਾਨ ਖੇਤੀਬਾੜੀ ਵਿਗਿਆਨੀ ਮਾਨਕੰਬੂ ਸੰਬਾਸਿਵਨ ਸਵਾਮੀਨਾਥਨ ਨੂੰ ਜਾਂਦਾ ਹੈ, ਜਿਸ ਨੂੰ ਹਰੀ ਕ੍ਰਾਂਤੀ ਦਾ ਨਾਂਅ ਦਿੱਤਾ ਗਿਆ ਸੀ। ਇਸ ਕ੍ਰਾਂਤੀ ਬਾਰੇ ਦੇਸ਼ ਦੀ ਤੀਜੀ ਪੰਜ ਸਾਲਾ ਯੋਜਨਾ (1961-66) ਵਿੱਚ ਵਿਚਾਰਿਆ ਗਿਆ। ਉਸ ਸਮੇਂ ਦੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੇ ਇਸ ਕ੍ਰਾਂਤੀ ਨੂੰ ਸਫਲਤਾਪੂਰਵਕ ਅੱਗੇ ਵਧਾਇਆ। ਹਰੀ ਕ੍ਰਾਂਤੀ ਦਾ ਮੁੱਖ ਮਕਸਦ ਅਨਾਜ ਵਾਲੀਆਂ ਫਸਲਾਂ ਤੋਂ ਵੱਧ ਤੋਂ ਵੱਧ ਝਾੜ ਲੈਣਾ ਸੀ ਤਾਂ ਜੋ ਸਾਡੇ ਦੇਸ਼ ਦੇ ਲੋਕਾਂ ਵਾਸਤੇ, ਸਾਡੇ ਦੇਸ਼ ਵਿੱਚ ਅਨਾਜ ਉਗਾਇਆ ਜਾ ਸਕੇ ਤੇ ਸਾਨੂੰ ਕਿਸੇ ਹੋਰ ਦੇਸ਼ ਅੱਗੇ ਹੱਥ ਨਾ ਅੱਡਣੇ ਪੈਣ। ਇਸ ਤਰ੍ਹਾਂ ਦੀ ਖੇਤੀ ਵਾਸਤੇ ਨਵੇਂ ਬੀਜ ਤੇ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈਣੀ ਸੀ ਤੇ ਉਹ ਰਸਾਇਣਕ ਖਾਦਾਂ ਉਸ ਜ਼ਮੀਨ 'ਤੇ ਹੀ ਵਧੀਆ ਨਤੀਜੇ ਦੇ ਸਕਦੀਆਂ ਸਨ। ਜਿੱਥੇ ਜ਼ਮੀਨ ਦੀ ਸਿੰਚਾਈ ਲਈ ਪਾਣੀ ਦੀ ਸਹੂਲਤ ਸੀ। ਇਸ ਪੱਖ ਤੋਂ ਪੰਜਾਬ ਰਾਜ ਬਿਲਕੁੱਲ ਸਹੀ ਜਗ੍ਹਾ ਜਾਪਦੀ ਸੀ, ਕਿਉਂਕਿ ਇੱਥੇ ਦਰਿਆਵਾਂ ਦਾ ਪਾਣੀ ਕਾਫੀ ਮਾਤਰਾ ਵਿੱਚ ਮੌਜੂਦ ਸੀ ਤੇ ਧਰਤੀ ਹੇਠਲਾ ਪਾਣੀ ਵੀ ਚੰਗਾ ਤੇ ਕਾਫੀ ਮਾਤਰਾ ਵਿੱਚ ਸੀ। ਫਿਰ ਬੱਸ ਪੰਜਾਬ ਵਿੱਚ ਇਹ ਨਵੀਂ ਕਿਸਮ ਦੀ ਖੇਤੀ ਸ਼ੁਰੂ ਹੋ ਜਾਂਦੀ ਹੈ, ਨਵੇਂ ਬੀਜਾਂ ਤੇ ਰਸਾਇਣਕ ਖਾਦਾਂ ਨਾਲ। ਇਸ ਤੋਂ ਪਹਿਲਾਂ ਪੰਜਾਬ ਦਾ ਕਿਸਾਨ ਵੱਖ-ਵੱਖ ਖਾਣ ਵਾਲੀਆਂ ਫਸਲਾਂ ਉਗਾਉਂਦਾ ਸੀ, ਜਿਨ੍ਹਾਂ ਨਾਲ ਉਸ ਦੇ ਪਰਵਾਰ ਤੇ ਪਸ਼ੂਆਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ ਤੇ ਜੇ ਮਾੜੀ-ਮੋਟੀ ਕੋਈ ਫਸਲ ਬਚ ਜਾਂਦੀ ਤਾਂ ਮੰਡੀ ਵਿੱਚ ਲਿਜਾ ਕੇ ਚਾਰ ਪੈਸੇ ਵੱਟ ਲੈਂਦਾ, ਪਰ ਹਰੀ ਕ੍ਰਾਂਤੀ ਲਿਆਉਣ ਤੋਂ ਬਾਅਦ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਵਧੀਆਂ ਬੀਜ ਤੇ ਰਸਾਇਣਕ ਖਾਦਾਂ ਮੁਹੱਈਆ ਕਰਵਾਈਆਂ ਤੇ ਨਾਲ ਹੀ ਕਿਹਾ, ਜੇ ਤੁਸੀਂ ਕਣਕ ਤੇ ਝੋਨੇ ਦੀ ਫਸਲ ਉਗਾਉਗੇ ਤਾਂ ਤੁਹਾਨੂੰ ਉਹਨਾਂ ਫਸਲਾਂ ਦਾ ਘੱਟੋ-ਘੱਟ ਪੱਕਾ ਸਮੱਰਥਨ ਮੁੱਲ ਦਿੱਤਾ ਜਾਵੇਗਾ, ਜਿਹੜਾ ਕਿ ਲੱਗਭੱਗ ਸੰਨ 1966-67 ਵਿੱਚ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬ ਦੇ ਕਿਸਾਨ ਨੇ ਮੁੜ ਪਿੱਛੇ ਨਹੀਂ ਵੇਖਿਆ ਤੇ ਆਪਣੀ ਹੱਡ ਭੰਨਵੀਂ ਮਿਹਨਤ ਨਾਲ ਤੇ ਨਵੀਆਂ ਤਕਨੀਕਾਂ, ਨਵੇਂ ਬੀਜਾਂ, ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਆਦਿ ਨਾਲ ਨਵੀਂ ਕਿਸਮ ਦੀ ਕਮਰਸ਼ੀਅਲ ਖੇਤੀਬਾੜੀ ਸ਼ੁਰੂ ਕਰ ਦਿੱਤੀ। ਪੰਜਾਬ ਦੇ ਕਿਸਾਨ ਨੇ ਇੰਨੀ ਮਿਹਨਤ ਕੀਤੀ ਕਿ ਸੰਨ 1980 ਦੇ ਲੱਗਭੱਗ ਸਾਡਾ ਦੇਸ਼ ਅਨਾਜ ਪੱਖੋਂ ਆਤਮ ਨਿਰਭਰ ਹੋ ਗਿਆ। ਇਸ ਹਰੀ ਕ੍ਰਾਂਤੀ ਨੂੰ ਸਫਲ ਬਣਾਉਣ ਵਿੱਚ ਪੰਜਾਬ ਦੇ ਕਿਸਾਨਾਂ ਦਾ ਵੱਡਾ ਯੋਗਦਾਨ ਵੱਡਾ ਸੀ। ਪੰਜਾਬ ਦੇ ਕਿਸਾਨਾਂ ਨੇ ਤਾਂ ਉਹ ਕਰ ਦਿਖਾਇਆ, ਜਿਸ ਦੀ ਸਾਡੇ ਦੇਸ਼ ਨੂੰ ਲੋੜ ਸੀ, ਪਰ ਹੁਣ ਪੰਜਾਬ ਦੇ ਕਿਸਾਨ ਦੀ ਬਾਂਹ ਫੜਨਾ ਸਮੇਂ ਦੀਆਂ ਸਰਕਾਰਾਂ ਲੋੜ ਮਹਿਸੂਸ ਨਹੀਂ ਕਰ ਰਹੀਆਂ। ਪੰਜਾਬ ਦੇ ਕਿਸਾਨ ਨੇ ਉਪਜ ਵਧਾਉਣ ਲਈ ਆਪਣੇ ਖੇਤ ਦੀ ਮਿੱਟੀ ਵਿੱਚ ਜ਼ਹਿਰ ਘੋਲ ਲਿਆ, ਜਿਹੜਾਂ ਰਸਾਇਣਕ ਖਾਦਾਂ ਦੀ ਬਦੌਲਤ ਹੋਇਆ ਹੈ। ਹੁਣ ਪੰਜਾਬ ਦੇ ਖੇਤਾਂ ਦੀ ਮਿੱਟੀ ਐਨੀ ਕੁ ਜ਼ਹਿਰੀਲੀ ਹੋ ਗਈ ਹੈ ਕਿ ਅਮੀਰ ਲੋਕ ਤਾਂ ਕਣਕ ਬਾਹਰਲੇ ਪ੍ਰਦੇਸਾਂ ਤੋਂ ਮੰਗਵਾ ਕੇ ਖਾਂਦੇ ਹਨ ਤੇ ਪੰਜਾਬ ਦੇ ਕਿਸਾਨ ਨੂੰ ਉਸ ਦੇ ਮਾੜੇ ਹਾਲਾਤ ਵਿੱਚ ਛੱਡ ਦਿੱਤਾ। ਇਸੇ ਤਰ੍ਹਾਂ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੇ ਹਾਲਾਤ ਹਨ, ਹਰੀ ਕ੍ਰਾਂਤੀ ਵੇਲੇ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਲਗਾਉਣ ਲਈ ਮਜਬੂਰ ਕੀਤਾ ਗਿਆ ਸੀ। ਘੱਟੋ-ਘੱਟ ਸਮਰਥਨ ਮੁੱਲ ਕਰਕੇ ਪੰਜਾਬ ਦਾ ਕਿਸਾਨ ਅੱਜ ਝੋਨੇ ਦੀ ਫਸਲ ਉਗਾਉਣ ਲਈ ਮਜਬੂਰ ਹੈ। ਜਿਸ ਫਸਲ ਕਰਕੇ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਇੰਨੀ ਕੁ ਜ਼ਿਆਦਾ ਵਰਤੋਂ ਹੁੰਦੀ ਹੈ ਕਿ ਪੰਜਾਬ ਦੇ ਕਾਫੀ ਜ਼ਿਲ੍ਹਿਆਂ ਵਿੱਚ ਪਾਣੀ ਦਾ ਪੱਧਰ 100 ਫੁੱਟ ਤੋਂ ਵੀ ਹੇਠਾਂ ਚਲਿਆ ਗਿਆ ਹੈ। ਹਰੀ ਕ੍ਰਾਂਤੀ ਆਉਣ ਤੋਂ ਪਹਿਲਾਂ ਪੰਜਾਬ ਵਿੱਚ ਮਹਿਜ਼ 5000 ਟਿਊਬਵੈੱਲ ਸਨ, ਪਰ ਅੱਜ 14 ਲੱਖ ਤੋਂ ਉੱਪਰ ਹਨ, ਫਿਰ ਪਾਣੀ ਕਿਉਂ ਨਾ ਖਤਮ ਹੋਵੇ। ਸੰਨ 1967 ਤੋਂ ਬਾਅਦ ਪੰਜਾਬ ਦੇ ਕਿਸਾਨ ਨੂੰ ਮਜਬੂਰ ਕੀਤਾ ਗਿਆ ਕਿ ਉਹ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਤੇ ਨਦੀਨ-ਨਾਸ਼ਕ ਵਰਤੇ ਤੇ ਜਦੋਂ ਹੁਣ ਪੰਜਾਬ ਦਾ ਕਿਸਾਨ ਕੇਂਦਰ ਸਰਕਾਰ ਵੱਲੋਂ ਹੀ ਦਿੱਤੀਆਂ ਗਈਆਂ ਫਸਲਾਂ (ਕਣਕ/ਝੋਨਾ) ਉਪਰ ਘੱਟੋ-ਘੱਟ ਸਮਰਥਨ ਮੁੱਲ ਕਰਕੇ ਉਗਾਉਂਦਾ ਹੈ ਤੇ ਸਰਕਾਰਾਂ ਹੁਣ ਫਸਲੀ ਵਿਭਿੰਨਤਾ ਦੀ ਗੱਲ ਕਰਨ ਲੱਗ ਪਈਆਂ ਹਨ ਤਾਂ ਜੋ ਧਰਤੀ ਹੇਠਲਾ ਪਾਣੀ ਤੇ ਮਿੱਟੀ ਨੂੰ ਹੋਰ ਜ਼ਹਿਰੀਲਾ ਹੋਣ ਤੋਂ ਬਚਾਇਆ ਜਾ ਸਕੇ, ਪਰ ਇਸ ਤਰਫ ਸਰਕਾਰਾਂ ਨੂੰ ਹੀ ਕੋਈ ਵੱਡੀ ਪਹਿਲ ਕਰਨੀ ਚਾਹੀਦੀ ਹੈ। ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਫਸਲਾਂ 'ਤੇ ਪੱਕਾ ਘੱਟੋ-ਘੱਟ ਸਮੱਰਥਨ ਮੁੱਲ ਦੇਣਾ ਚਾਹੀਦਾ ਹੈ, ਜਿਨ੍ਹਾਂ ਲਈ ਪਾਣੀ ਦੀ ਘੱਟ ਮਾਤਰਾ ਵਿੱਚ ਲੋੜ ਪਵੇ। ਤੇ ਜੇ ਉਸ (ਪੰਜਾਬ ਦੇ ਕਿਸਾਨ) ਨੇ ਹਰੀ ਕ੍ਰਾਂਤੀ ਨੂੰ ਸਫਲ ਬਣਾਇਆ ਹੈ ਤਾਂ ਉਹ ਇਸ ਸੰਕਟ (ਫਸਲੀ ਚੱਕਰ) ਵਿੱਚੋਂ ਵੀ ਨਿਕਲ ਆਵੇਗਾ, ਪਰ ਸਮੇਂ ਦੀਆਂ ਸਰਕਾਰਾਂ ਨੂੰ ਖੁੱਲ੍ਹ ਕੇ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ। ਇੱਕ ਹੋਰ ਗੱਲ ਹਰ ਸਾਲ ਅਕਤੂਬਰ ਮਹੀਨੇ ਵਿੱਚ ਜਦੋਂ ਕਿਸਾਨ ਪਰਾਲੀ ਨੂੰ ਅੱਗ ਲਗਾਉਂਦਾ ਹੈ ਤਾਂ ਸਾਰੇ ਵਰਗਾਂ ਦੇ ਲੋਕ ਤੇ ਸਰਕਾਰਾਂ ਕਿਸਾਨਾਂ ਨੂੰ ਹੀ ਦੋਸ਼ ਦਿੰਦੀਆਂ ਹਨ, ਕੀ ਕਿਸਾਨ ਉਸ ਹਵਾ ਵਿੱਚ ਸਾਹ ਨਹੀਂ ਲੈਂਦਾ, ਜਿਸ ਪਰਾਲੀ ਨੂੰ ਉਹ ਅੱਗ ਲਗਾਉਂਦਾ ਹੈ। ਕਿਸਾਨ ਤੇ ਵਿਚਾਰਾ ਮਜਬੂਰ ਹੋ ਕੇ ਪਰਾਲੀ ਨੂੰ ਅੱਗ ਲਗਾਉਂਦਾ ਹੈ ਕੀ ਸਰਕਾਰਾਂ ਦਾ ਫਰਜ਼ ਨਹੀਂ ਬਣਦਾ ਕਿ ਉਹ ਪਰਾਲੀ ਦਾ ਢੁਕਵਾਂ ਹੱਲ ਕੱਢਣ, ਜੇ ਸਰਕਾਰਾਂ ਸਹੀ ਦਿਸ਼ਾ ਵਿੱਚ ਕਦਮ ਚੁੱਕਣ ਤਾਂ ਕੀ ਨਹੀਂ ਕਰ ਸਕਦੀਆਂ। ਇਸ (ਪਰਾਲੀ) ਵਾਲੇ ਮੁੱਦੇ 'ਤੇ ਤਾਂ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਇੱਕ-ਦੂਜੇ ਨੂੰ ਬਲੇਮ ਕਰਦੀਆਂ ਰਹਿੰਦੀਆਂ ਹਨ, ਪਰ ਕਰਦੀਆਂ ਕੁਝ ਵੀ ਨਹੀਂ।ਇਸੇ ਤਰ੍ਹਾਂ ਹੁਣ ਸਰਕਾਰਾਂ ਤੇ ਆਮ ਲੋਕ ਕਿਸਾਨਾਂ ਨੂੰ ਨਸੀਹਤ ਦਿੰਦੇ ਹਨ ਕਿ ਪੰਜਾਬ ਪ੍ਰਦੇਸ਼ ਦਾ ਧਰਤੀ ਹੇਠਲਾ ਪਾਣੀ ਖਤਮ ਹੋ ਰਿਹਾ ਹੈ (ਪਾਣੀ ਖਤਮ ਹੋ ਵੀ ਰਿਹਾ ਹੈ, ਕਿਉਂਕਿ ਸੰਨ 1980 ਸਮੇਂ ਮੋਟਰਾਂ ਜੋ ਧਰਤੀ ਦੇ ਉੱਪਰ ਰੱਖੀਆਂ ਹੁੰਦੀਆਂ ਸਨ, ਉਥੋਂ ਹੀ ਪਾਣੀ ਕੱਢ ਲੈਂਦੀਆਂ ਸਨ, ਫਿਰ ਲੱਗਭੱਗ ਸੰਨ 1990 ਵਿੱਚ ਮੋਟਰਾਂ ਨੂੰ ਖੂਹ ਵਿੱਚ ਰੱਖ ਕੇ ਜੋ ਕਿ 40-50 ਫੁੱਟ ਡੂੰਘਾ ਹੁੰਦਾ ਸੀ, ਪਾਣੀ ਕੱਢਿਆ ਜਾਂਦਾ ਸੀ। ਫਿਰ ਲੱਗਭੱਗ ਸੰਨ 2000 ਤੋਂ ਬਾਅਦ ਜਦੋਂ ਪਾਣੀ ਜ਼ਿਆਦਾ ਹੇਠਾਂ ਚਲਾ ਗਿਆ ਤਾਂ ਸਬਮਰਸੀਬਲ ਮੋਟਰਾਂ ਰਾਹੀਂ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ ਗਿਆ। ਹੁਣ ਹਰੇਕ ਝੋਨੇ ਦੇ ਸੀਜ਼ਨ ਵੇਲੇ ਕਿਸਾਨ ਨੂੰ ਸਬਰਮਸੀਬਲ ਮੋਟਰ ਲੱਗਭੱਗ 10 ਫੁੱਟ ਹੋਰ ਥੱਲੇ ਭੇਜਣੀ ਪੈਂਦੀ ਹੈ, ਇਸ ਤੋਂ ਸਾਫ ਹੈ ਕਿ ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਪੰਜਾਬ ਨੂੰ ਮਾਰੂਥਲ ਬਣਨ ਤੋਂ ਕੋਈ ਨਹੀਂ ਰੋਕ ਸਕਦਾ) ਪਰ ਇਸ ਵਿੱਚ ਪੰਜਾਬ ਦੇ ਕਿਸਾਨ ਦਾ ਕੋਈ ਦੋਸ਼ ਨਹੀਂ, ਕਿਉਂਕਿ ਕਿਸਾਨ ਤਾਂ ਉਹੀ ਫਸਲ ਬੀਜਣ ਲਈ ਮਜਬੂਰ ਹੈ, ਜਿਸ ਨੂੰ ਸਮੇਂ ਦੀਆਂ ਸਰਕਾਰਾਂ ਇੱਕ ਘੱਟੋ-ਘੱਟ ਸਮਰਥਨ ਮੁੱਲ 'ਤੇ ਮੰਡੀਆਂ 'ਚੋਂ ਚੁੱਕਵਾਉਂਦੀਆਂ ਹਨ।

ਇਹ ਤਾਂ ਹੁਣ ਸਰਕਾਰਾਂ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਮਾੜੇ ਸਮੇਂ ਵਿੱਚ ਦੇਸ਼ ਦੇ ਅਨਾਜ ਭੰਡਾਰਾਂ ਨੂੰ ਭਰਿਆ ਤੇ ਹੁਣ ਉਹ (ਸਰਕਾਰਾਂ) ਕਿਸਾਨਾਂ ਤੇ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਮੱਦੇਨਜ਼ਰ ਰੱਖ ਕੇ ਉਹਨਾਂ ਫਸਲਾਂ 'ਤੇ ਘੱਟੋ-ਘੱਟ ਸਮੱਰਥਨ ਮੁੱਲ ਦੇਣ ਤੇ ਮੰਡੀਕਰਨ ਵੀ ਯਕੀਨੀ ਬਣਾਉਣ, ਜਿਨ੍ਹਾਂ ਲਈ ਪਾਣੀ ਦੀ ਘੱਟ ਜ਼ਰੂਰਤ ਪਵੇ। ਨਾਲ ਹੀ ਲੇਖਕ, ਪਾਠਕਾਂ ਤੇ ਪ੍ਰਦੇਸ਼ ਦੇ ਲੋਕਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਸਰਕਾਰਾਂ ਨੂੰ ਮਜਬੂਰ ਕਰਨ ਕਿ ਉਹ ਸਾਡੇ ਕਿਸਾਨ ਨੂੰ ਕਣਕ-ਝੋਨੇ ਦੀ ਫਸਲੀ ਚੱਕਰ ਤੋਂ ਕੱਢਣ ਲਈ ਕੋਈ ਠੋਸ ਕਦਮ ਚੁੱਕਣ, ਕਿਉਂਕਿ ਲੋਕਤੰਤਰ ਵਿੱਚ ਜੇ ਸਾਰੇ ਲੋਕ ਇੱਕ ਪਾਸੇ ਹੋ ਜਾਣ ਤਾਂ ਸਰਕਾਰਾਂ ਨੂੰ ਫੈਸਲੇ ਲੈਣੇ ਹੀ ਪੈਣਗੇ, ਵੈਸੇ ਤਾਂ ਹੁਣ ਦੀਆਂ ਸਾਡੀਆਂ ਸਰਕਾਰਾਂ ਕੋਈ ਦੂਰ-ਅੰਦੇਸ਼ੀ ਫੈਸਲੇ ਨਹੀਂ ਲੈਂਦੀਆਂ, ਕਿਉਂਕਿ ਇਹ ਤਾਂ ਮੌਕੇ ਤੇ ਛੋਟੇ-ਛੋਟੇ ਲਾਲਚ ਦੇ ਕੇ ਵੋਟਾਂ ਬਟੋਰਨ ਦੀ ਗੱਲ ਕਰਦੀਆਂ ਹਨ, ਪਰ ਹੁਣ ਜਨਤਾ ਨੂੰ ਇਹਨਾਂ ਸਰਕਾਰਾਂ ਨੂੰ ਮਜਬੂਰ ਕਰਨਾ ਪਵੇਗਾ ਕਿ ਉਹ ਕੁਝ ਚੰਗੇ ਫੈਸਲੇ ਲੈਣ ਤਾਂ ਜੋ ਪੰਜਾਬ ਦਾ ਕਿਸਾਨ ਪਰਾਲੀ ਸਾੜਨ ਲਈ ਅਤੇ ਝੋਨੇ ਨੂੰ ਲਗਾਉਣ ਲਈ ਮਜਬੂਰ ਨਾ ਹੋਵੇ, ਨਹੀਂ ਤਾਂ ਸਾਨੂੰ ਵੀ ਕਿਸਾਨਾਂ ਨੂੰ ਨਸੀਅਤ ਦੇਣ ਦਾ ਕੋਈ ਹੱਕ ਨਹੀਂ।

*#ਪੰਜਾਬੀ ਯੂਨੀਵਰਸਿਟੀ, ਪਟਿਆਲਾ, 97799-39555*

# ਕੀ ਅੰਧ-ਵਿਸ਼ਵਾਸਾਂ ਤੇ ਫਿਰਕਾਪ੍ਰਸਤੀ ਦੇ ਸਾਏ ਹੇਠ ਆਤਮ-ਨਿਰਭਰਤਾ ਵੱਲ ਵਧੇਗਾ ਭਾਰਤ ?



ਜਸਵੰਤ ਜੀਰਖ

ਅੰਧ-ਵਿਸ਼ਵਾਸਾਂ ਦਾ ਸ਼ਿਕਾਰ ਹੋ ਕੇ ਆਏ ਰੋਜ਼ ਦੇਸ਼ ਦੀ ਵੱਡੀ ਗਿਣਤੀ ਅਬਾਦੀ ਜੋ ਪਹਿਲਾਂ ਹੀ ਗਰੀਬੀ, ਬੇਰੋਜ਼ਗਾਰੀ, ਮੰਦਹਾਲੀ ਦੀ ਜ਼ਿੰਦਗੀ ਵਿੱਚ ਰੀਂਘ ਰਹੀ ਹੈ, ਉਹ ਅੰਧ-ਵਿਸ਼ਵਾਸੀ ਅਮਲਾਂ ਰਾਹੀਂ ਹੋਰ ਨਿਘਾਰ ਵੱਲ ਵਧ ਰਹੀ ਹੈ। ਦੇਸ਼ ਦੀ ਚੌਕੀਦਾਰੀ ਕਰਨ ਵਾਲੇ ਹਾਕਮ ਜ਼ੋਰ-ਸ਼ੋਰ ਨਾਲ ਦਾਅਵੇ ਕਰ ਰਹੇ ਹਨ ਕਿ ਦੇਸ਼ ਆਤਮ ਨਿਰਭਰ ਹੋਣ ਵੱਲ ਤੇਜ਼ ਰਫਤਾਰ ਨਾਲ ਅੱਗੇ ਵਧ ਰਿਹਾ ਹੈ। ਇਹ ਤੇਜ ਰਫਤਾਰ ਕਿਹੜੇ ਲੋਕਾਂ ਨੂੰ ਆਤਮ ਨਿਰਭਰ ਬਣਾ ਰਹੀ ਹੈ ? ਇਸ ਬਾਰੇ ਦੇਸ ਦੀ ਚੌਕੀਦਾਰੀ ਕਰਨ ਵਾਲਿਆਂ ਤੋਂ ਪੁੱਛਣਾ ਜਿਆਦਾ ਢੁਕਵਾਂ ਰਹੇਗਾ ਕਿਉਂਕਿ ਉਹ ਤਾਂ 24 ਘੰਟੇ ਹੀ ਇਸ ਅਖੌਤੀ ਤੇਜ ਰਫਤਾਰ ਦੇ ਨਾਲ-ਨਾਲ ਚੱਲਦੇ ਹਨ। ਪਿਛਲੇ ਦਿਨੀਂ ਦਿੱਲੀ ਦੇ ਇਕ ਪਰਵਾਰ ਵੱਲੋਂ ਆਪਣੇ 7 ਸਾਲਾ ਬੱਚੇ ਨੂੰ ਬਲੱਡ ਕੈਂਸਰ ਦੀ ਲੱਗੀ ਨਾਮੁਰਾਦ ਬਿਮਾਰੀ ਦੇ ਇਲਾਜ ਲਈ ਉਸ ਨੂੰ ਗੰਗਾ ਨਦੀ ਵਿੱਚ ਨਹਾਇਆ ਗਿਆ। ਬੱਚੇ ਦੀ ਮਾਂ ਜੋ ਅੰਧ-ਵਿਸ਼ਵਾਸ ਦੇ ਆਤਮ ਵਿਸ਼ਵਾਸ ਵਿੱਚ ਫਸ ਕੇ ਆਪਣੇ ਬੱਚੇ ਦੀਆਂ ਗੰਗਾ ਵਿੱਚ ਡੁਬਕੀਆਂ ਲਗਾ ਰਹੀ ਟੀ ਵੀ ਰਾਹੀਂ ਸਭ ਨੇ ਵੇਖੀ ਹੋਵੇਗੀ।ਬੱਚੇ ਦੀ ਬਿਮਾਰੀ ਭਾਵੇਂ ਇਸ ਨਾਲ ਠੀਕ ਨਹੀਂ ਸੀ ਹੋਣੀ , ਪਰ ਉਸ ਦੇ 'ਆਤਮ ਵਿਸ਼ਵਾਸ' ਰਾਹੀਂ ਬੱਚੇ ਦੀ ਜਾਨ ਗੁਆ ਜਾਣ ਵਾਲੀ ਤਸਵੀਰ ਅਜੇ ਵੀ ਅੱਖਾਂ ਅੱਗੇ ਘੁੰਮ ਰਹੀ ਹੈ, ਜਿਸ ਨੇ ਦੇਸ਼ ਦੇ ਚੌਕੀਦਾਰਾਂ ਦੇ ਆਤਮ ਵਿਸ਼ਵਾਸ ਵੱਲ ਵਧਣ ਦੀ ਪਾਈ ਜਾ ਰਹੀ ਦੁਹਾਈ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਦੇਸ਼ ਦੇ ਚੌਕੀਦਾਰਾਂ ਨੇ ਇਨਸਾਨੀਅਤ ਨੂੰ ਦਰ-ਕਿਨਾਰ ਕਰਕੇ ਕੁੱਝ ਅਜਿਹੇ ਅਖੌਤੀ ਧਰਮੀ ਠੇਕੇਦਾਰਾਂ ਦਾ ਘੇਰਾ ਆਪਣੇ ਦੁਆਲੇ ਪਾਲ ਰੱਖਿਆ ਹੈ, ਜਿਸ ਦੀਆਂ ਭਾਵਨਾਵਾਂ ਨੂੰ ਬਹੁਤ ਛੇਤੀ ਠੇਸ ਪਹੁੰਚ ਜਾਂਦੀ ਹੈ। ਇਹਨਾਂ ਠੇਕੇਦਾਰਾਂ ਵੱਲੋਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਬਹਾਨੇ, ਲੋਕ ਚੇਤਨਾ ਫੈਲਾ ਰਹੀ ਹਰ ਆਵਾਜ਼ ਨੂੰ ਸੱਤਾ 'ਤੇ ਬਿਰਾਜਮਾਨ ਚੌਕੀਦਾਰਾਂ ਦੀ ਸਰਪ੍ਰਸਤੀ ਹੇਠ ਅੰਧਵਿਸ਼ਵਾਸ ਵਿਰੋਧੀ ਸਹੀ ਆਵਾਜ਼ ਦਾ ਗਲਾ ਘੁੱਟਣ ਲਈ ਧਾਰਾ 295 ਅਤੇ 295 ਏ ਨੂੰ ਵਰਤਣ ਵਿੱਚ ਜ਼ਰਾ ਜਿੰਨੀ ਵੀ ਦੇਰੀ ਨਹੀਂ ਲੱਗਦੀ। ਰਾਮ ਮੰਦਰ ਦੇ ਉਦਘਾਟਨੀ ਸਮਾਰੋਹ ਵਿੱਚ ਧਰਮ ਦੇ ਪਰਦੇ ਹੇਠ ਦੇਸ਼ ਨੂੰ ਲੁੱਟ ਕੇ ਮਾਲੋ-ਮਾਲ ਹੋ ਰਹੇ ਵੱਡੇ-ਵੱਡੇ ਧਨਾਢਾਂ ਨੂੰ ਸਰਕਾਰੀ ਮਹਿਮਾਨ ਬਣਾ ਕੇ ਇਸ ਸਮਾਰੋਹ ਵਿੱਚ ਸਰਕਾਰੀ ਮਾਨ-ਸਨਮਾਨਾਂ ਨਾਲ ਨਿਵਾਜਿਆ ਗਿਆ। ਕੋਰੋਨਾ ਦੀ ਮਹਾਂਮਾਰੀ ਦੌਰਾਨ ਕਰੋੜਾਂ ਲੋਕਾਂ ਦੇ ਰੋਜ਼ਗਾਰ ਖਤਮ ਹੋਏ ਤੇ ਕਰੋੜਾਂ ਘਰੋਂ ਬੇਘਰ ਹੋਏ। ਸੈਂਕੜੇ ਮੀਲ ਪੈਦਲ ਚੱਲ ਕੇ ਪੈਰਾਂ ਵਿੱਚ ਛਾਲੇ ਪੈ ਜਾਣ ਦੇ ਬਾਵਜੂਦ ਅਨੇਕਾਂ ਮਜ਼ਦੂਰ ਪੰਜਾਬ ਵਿੱਚੋਂ ਦੂਰ-ਦੁਰਾਡੇ ਸੂਬਿਆਂ 'ਚ ਆਪਣੇ ਜੱਦੀ ਘਰਾਂ ਵਿੱਚ ਮੌਤ ਨਾਲ ਲੜਦੇ ਹੋਏ ਪੁੱਜੇ। ਗਰਭਵਤੀ ਔਰਤਾਂ ਨੇ ਇਹਨਾਂ ਬਿਖੜੇ ਪੈਂਡਿਆਂ ਦੌਰਾਨ ਰਸਤੇ ਵਿੱਚ ਬੱਚਿਆਂ ਨੂੰ ਜਨਮ ਦਿੱਤੇ ਅਤੇ ਨਵ ਜੰਮੇ ਬਾਲਾਂ ਨੂੰ ਮੌਤ ਨਾਲ ਖੇਡ ਕੇ ਆਪਣੀ ਮਮਤਾ ਨਿਭਾਈ, ਪਰ ਦੇਸ ਦੇ ਚੌਕੀਦਾਰਾਂ ਨੇ ਸਭ ਕੁੱਝ ਵੇਖਦੇ ਹੋਏ ਵੀ ਅਣ-ਵੇਖਿਆ ਕਰੀ ਰੱਖਿਆ। ਕੀ ਰਾਮ ਮੰਦਰ ਦੀ ਉਸਾਰੀ ਨਾਲ ਲੋਕਾਂ ਦੇ ਰੋਜ਼ਗਾਰ ਦੀ ਸਮੱਸਿਆ ਦਾ ਵੀ ਕੋਈ ਸਮਾਧਾਨ ਹੋਵੇਗਾ ? ਜੇ ਕੋਈ ਇਹ ਸਵਾਲ ਉਠਾਉਂਦਾ ਹੈ ਤਾਂ ਧਰਮ ਦਾ ਹੋ-ਹੱਲਾ ਖੜ੍ਹਾ ਕਰਕੇ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਦੁਹਾਈ ਪਾਉਣ ਵਾਲੇ 295 ਏ ਲੈ ਕੇ ਪੁਲਸ ਪਾਸ ਪਹੁੰਚ ਜਾਂਦੇ ਹਨ। ਅੱਗੋਂ ਪੁਲਸ ਵੀ ਬਿਨਾਂ ਕੋਈ ਸੱਦ-ਪੁੱਛ ਤੋਂ 295 ਏ ਦੇ ਅਧੀਨ ਝੱਟ ਕੇਸ ਦਰਜ ਕਰ ਲੈਂਦੀ ਹੈ। ਪੰਜਾਬ ਵਿੱਚ ਅਜਿਹੇ ਕੇਸਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਦੂਜੇ ਪਾਸੇ ਜਦੋਂ ਕਠੂਆ ਵਿੱਚ ਇਕ ਬਾਲੜੀ ਨਾਲ ਮੰਦਰ ਵਿੱਚ ਹੀ ਬਲਾਤਕਾਰ ਕਰਨ ਦੀ ਘਟਨਾ ਵਾਪਰਦੀ ਹੈ, ਓਦੋਂ ਕਦੀ ਵੀ ਅਜਿਹੇ ਧਰਮੀਆਂ ਦੀ ਭਾਵਨਾ ਨੂੰ ਕੁਝ ਵੀ ਨਹੀਂ ਹੁੰਦਾ, ਸਗੋਂ ਬਲਾਤਕਾਰੀਆਂ ਦੇ ਹੱਕ ਵਿੱਚ ਮਾਰਚ ਕੀਤੇ ਜਾਂਦੇ ਹਨ। ਜਦੋਂ ਬਿਲਕਿਸ ਬਾਨੋ ਵਰਗੀਆਂ ਔਰਤਾਂ ਦੇ ਬਲਾਤਕਾਰੀ ਦੋਸ਼ੀਆਂ ਦੀ ਉਮਰ ਕੈਦ ਖਤਮ ਕਰਕੇ ਚੰਗੇ ਆਚਰਣ ਦਾ ਸਰਟੀਫਿਕੇਟ ਦੇ ਕੇ ਬਰੀ ਕੀਤਾ ਜਾਂਦਾ ਹੈ, ਓਦੋਂ ਕਿਸੇ ਦੀ ਵੀ ਭਾਵਨਾ ਨੂੰ ਠੇਸ ਨਹੀਂ ਪੁੱਜਦੀ। ਜਦੋਂ ਪਸ਼ੂਆਂ ਦੇ ਨਾਂਅ 'ਤੇ ਮਨੁੱਖਾਂ ਨੂੰ ਸਰੇਆਮ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ, ਉਦੋਂ ਵੀ ਕਿਸੇ ਦੀ ਭਾਵਨਾ ਨੂੰ ਸੱਟ ਨਹੀਂ ਵੱਜਦੀ। ਅਜਿਹਾ ਕੁੱਝ ਇੱਕ ਨਹੀਂ, ਸਾਰੇ ਧਰਮਾਂ ਵਿੱਚ ਵਾਰ-ਵਾਰ ਵਾਪਰਦਾ ਅਸੀਂ ਸਭ ਵੇਖ ਰਹੇ ਹਾਂ। ਬੇਅਦਬੀ ਦੇ ਨਾਂਅ ਹੇਠ ਧਰਮ ਅਸਥਾਨਾਂ 'ਤੇ ਕਤਲ ਹੋ ਰਹੇ ਹਨ, ਧਰਮ ਗ੍ਰੰਥਾਂ ਨੂੰ ਮੰਨਣ ਅਤੇ ਨਾ ਮੰਨਣ ਪਿੱਛੇ ਝਗੜੇ ਹੋ ਰਹੇ ਹਨ। ਪੁਰਾਤਨ ਬਣੀਆਂ ਧਰਮ 'ਤੇ ਅਧਾਰਤ ਇਮਾਰਤਾਂ ਦੇ ਨਾਂਅ ਹੇਠ ਫਿਰਕੂ ਨਫਰਤ ਰਾਹੀਂ ਮਨੁੱਖਤਾ ਕਤਲ ਹੋ ਰਹੀ ਹੈ, ਪਰ ਅਜਿਹੇ ਹਾਲਾਤਾਂ ਨੂੰ ਜਨਮ ਦੇਣ ਵਾਲੇ ਇਸ ਦੇਸ਼ ਦੇ ਰਖਵਾਲੇ ਕਹਾਉਣ, ਬੜੇ ਸਿੱਤਮ ਵਾਲੀ ਗੱਲ ਹੈ।

ਦੁਨੀਆ ਨੂੰ ਨਵੀਂ ਰੌਸ਼ਨੀ ਦੇਣ ਵਾਲੇ ਗਲੀਲੀਓ, ਬਰੂਨੋ, ਕਾਪਰਨਿਕਸ ਵਰਗੇ ਅਨੇਕਾਂ ਹੀ ਵਿਗਿਆਨੀਆਂ ਨੂੰ ਧਰਮਾਂ ਦੇ ਠੇਕੇਦਾਰਾਂ ਨੇ ਇਸ ਕਰਕੇ ਸਰੀਰਕ ਤਸੀਹੇ ਦੇ ਕੇ ਹਕੂਮਤਾਂ ਪਾਸੋਂ ਕਤਲ, ਕਿਉਂਕਿ ਉਹਨਾਂ ਦੀਆਂ ਵਿਗਿਆਨਕ ਖੋਜਾਂ ਧਰਮ ਵਿੱਚ ਮੰਨੀ ਜਾਂਦੀ ਮਾਨਤਾ ਨੂੰ ਝੁਠਲਾਉਂਦੀਆਂ ਸਨ, ਪਰ ਅੱਜ ਉਹਨਾਂ ਹੀ ਵਿਗਿਆਨੀਆਂ ਦੀਆਂ ਖੋਜਾਂ ਰਾਹੀਂ ਸਿੱਧ ਕੀਤੀਆਂ ਸਚਿਆਈਆਂ ਨੂੰ ਪੂਰੀ ਦੁਨੀਆ ਮੰਨ ਰਹੀ ਹੈ। ਇਸ ਦੇ ਬਾਵਜੂਦ ਅੱਜ ਵੀ ਸਾਡੇ ਸਾਹਮਣੇ ਅਜਿਹਾ ਕੁੱਝ ਹੀ ਵਾਪਰ ਰਿਹਾ ਹੈ, ਜਿਸ ਰਾਹੀਂ ਧਰਮਾਂ ਦੇ ਪਰਦੇ ਹੇਠ ਗੈਰ ਵਿਗਿਆਨਿਕ ਮਾਨਤਾਵਾਂ ਨੂੰ ਪ੍ਰਚਾਰ ਕੇ ਦੇਸ ਦੀ ਜਨਤਾ ਨੂੰ ਅੰਧਵਿਸ਼ਵਾਸਾਂ ਅਤੇ ਫਿਰਕਾਪ੍ਰਸਤੀ ਵੱਲ ਧੱਕਿਆ ਜਾ ਰਿਹਾ ਹੈ। ਸਮੇਂ ਦੇ ਮੌਜੂਦਾ ਦੌਰ ਅੰਦਰ ਸਮਾਜ ਨੂੰ ਧਰਮਾਂ, ਜਾਤਾਂ, ਫਿਰਕਿਆਂ ਵਿੱਚ ਵੰਡ ਕੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਕਰਨ ਬਦਲੇ , ਮਨੁੱਖਤਾ ਦਾ ਖੂਨ ਵਹਾਉਣ ਵਾਲੇ ਸਿਆਸਤਦਾਨ ਅਤੇ ਧਰਮਾਂ ਦੇ ਅਲੰਬਰਦਾਰਾਂ ਦੀ ਆਪਸੀ ਸਾਂਝ ਦੇ ਅਨੇਕਾਂ ਕਿੱਸਿਆਂ ਰਾਹੀਂ ਇਹਨਾਂ ਦੀ ਮਿਲੀ-ਭੁਗਤ ਦੇ ਨਮੂਨੇ ਵੇਖੇ ਜਾ ਸਕਦੇ ਹਨ। ਇਹ ਨਮੂਨੇ 1947 ਤੋਂ ਬਾਅਦ 1984 ਵਿੱਚ ਦਿੱਲੀ ਸਮੇਤ ਦੇਸ਼ ਦੇ ਕਈ ਹੋਰ ਵੱਡੇ ਸ਼ਹਿਰਾਂ ਅਤੇ 2002 ਵਿੱਚ ਗੁਜਰਾਤ , 2023 ਵਿੱਚ ਮਨੀਪੁਰ, ਹਰਿਆਣਾ ਆਦਿ ਵਿੱਚ ਇਨਸਾਨਾਂ ਦੇ ਵੱਡੀ ਪੱਧਰ 'ਤੇ ਡੁੱਲ੍ਹੇ ਖੂਨ ਰਾਹੀਂ ਸਪੱਸ਼ਟ ਵੇਖੇ ਜਾ ਸਕਦੇ ਹਨ।

ਅੱਜ ਜਦੋਂ ਹਰ ਪੰਜੀਂ ਸਾਲੀਂ ਰਾਜ ਗੱਦੀਆਂ 'ਤੇ ਬਿਰਾਜਮਾਨ ਹੋ ਰਹੀਆਂ ਰੰਗ-ਬਰੰਗੀਆਂ ਸਿਆਸੀ ਪਾਰਟੀਆਂ ਨਵੇਂ-ਨਵੇਂ ਵਾਅਦਿਆਂ ਦੀ ਪੂਰਤੀ ਦੀ ਗਰੰਟੀ ਦੇ ਲਾਰਿਆਂ ਰਾਹੀਂ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਲੋਕ ਲਭਾਉਣੇ ਫੁਰਮਾਨ ਜਾਰੀ ਕਰ ਰਹੀਆਂ ਹਨ, ਨੂੰ ਸਵਾਲ ਪੁੱਛਣ ਲਈ ਹਰ ਨਾਗਰਿਕ ਦੀ ਜ਼ੁੰਮੇਵਾਰੀ ਬਣਦੀ ਹੈ। 2024 ਦੀਆਂ ਚੋਣਾਂ ਸਿਰ 'ਤੇ ਹਨ, ਇਸ ਸਮੇਂ ਲੋਕਾਂ ਨੂੰ ਧਰਮਾਂ, ਜਾਤਾਂ, ਫਿਰਕਿਆਂ ਵਿੱਚ ਵੰਡ ਕੇ ਉਹਨਾਂ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਧਿਆਨ ਦੂਜੇ ਪਾਸੇ ਕਰਨ ਦੇ ਸਿਰਤੋੜ ਯਤਨ ਸੱਤਾ 'ਤੇ ਕਾਬਜ਼ ਧਿਰ ਦੀ ਛਤਰ-ਛਾਇਆ ਹੇਠ ਹੁੰਦੇ ਵੇਖ ਰਹੇ ਹਾਂ। ਅਜਿਹੇ ਸਮੇਂ ਲੋਕਾਂ ਦੀ ਕੀ ਜ਼ੁੰਮੇਵਾਰੀ ਬਣਦੀ ਹੈ , ਬਾਰੇ ਲੋਕ ਚੇਤਨਾ ਫੈਲਾਉਣ ਦਾ ਵਰਤਾਰਾ ਨਿਰੰਤਰ ਜਾਰੀ ਰੱਖਣਾ ਬੇਹੱਦ ਜ਼ਰੂਰੀ ਹੈ। ਭਾਵੇਂ ਇਹ ਚੇਤਨਾ ਫੈਲਾਉਣ ਵਾਲਿਆਂ ਦੀ ਜ਼ੁਬਾਨਬੰਦੀ ਕਰਨ ਲਈ ਸਰਕਾਰੀ ਸ਼ਹਿ ਹੇਠ ਧਰਮ ਦੀ ਹੇਠੀ ਕਰਨ ਦੇ ਬਹਾਨੇ 295 / 295 ਏ ਦੇ ਅਧੀਨ ਪਰਚੇ ਦਰਜ ਕਰਕੇ ਸਹੀ ਤੇ ਵਿਗਿਆਨ ਅਧਾਰਤ ਆਵਾਜ਼ ਬੰਦ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ, ਪਰ ਅੰਤ ਜਿੱਤ ਵਿਗਿਆਨ 'ਤੇ ਅਧਾਰਤ ਵਿਚਾਰਧਾਰਾ ਦੀ ਹੀ ਹੋਣੀ ਹੈ ਅਤੇ ਸਰਕਾਰੀ ਸਰਪ੍ਰਸਤੀ ਹੇਠ ਪਨਪ ਰਹੇ ਅੰਧਕਾਰ ਦਾ ਖਾਤਮਾ ਅਟੱਲ ਹੈ। ਇਸ ਲਈ ਸੰਵਿਧਾਨਕ ਜ਼ੁੰਮੇਵਾਰੀਆਂ ਨਾ ਨਿਭਾਉਣ ਵਾਲਿਆਂ ਨੂੰ ਕੋਈ ਹੱਕ ਨਹੀਂ ਕਿ ਉਹ ਧਰਮ ਦੀ ਤੌਹੀਨ ਦੇ ਬਹਾਨੇ ਗੈਰ ਵਿਗਿਆਨਕ ਮਾਨਤਾਵਾਂ ਦੀ ਰਾਖੀ ਕਰਨ। ਧਰਮ ਨੂੰ ਅੰਧਵਿਸ਼ਵਾਸ ਅਤੇ ਫਿਰਕੂ ਨਫਰਤ ਫੈਲਾਉਣ ਲਈ ਵਰਤ ਕੇ ਆਪਣੇ ਰਾਜ ਦੀ ਉਮਰ ਲੰਮੀ ਕਰਨ ਹਿੱਤ ਦੇਸ਼ ਵਿੱਚ ਮਨੁੱਖਤਾ ਦਾ ਖੂਨ ਤਾਂ ਵਹਾਇਆ ਜਾ ਸਕਦਾ ਹੈ, ਪਰ ਕਦੀ ਵੀ ਆਤਮ-ਨਿਰਭਰ ਨਹੀਂ ਬਣਾਇਆ ਜਾ ਸਕਦਾ। ਹੁਣ ਦੇਸ਼ ਦੀ ਜਨਤਾ ਨੇ ਵੇਖਣਾ ਹੈ ਕਿ ਅਜਿਹੇ ਹਾਲਾਤ ਵਿੱਚ ਵਿਗਿਆਨਕ ਵਿਚਾਰਾਂ ਵੱਲ ਮੋੜਾ ਕੱਟ ਕੇ ਆਤਮ ਨਿਰਭਰਤਾ ਵੱਲ ਵਧਣਾ ਹੈ ਜਾਂ ਅੰਧਵਿਸਵਾਸੀ ਅਤੇ ਫਿਰਕੂ ਨਫਰਤ ਫੈਲਾਉਣ ਵਾਲਿਆਂ ਵਾਲੀ ਨਿਰਭਰਤਾ ਵੱਲ।

*# ਸੰਪਰਕ : 98151- 69825*

CMYK

